# ਪਾਠ 19 ਲੇਖ – 'ਘਰ ਦਾ ਪਿਆਰ'

## ਪਾਠ ਦੀ ਰੂਪ-ਰੇਖਾ


19.0 ਮਨੋਰਥ
19.1 ਭੂਮਿਕਾ
19.2 ਨਿਬੰਧ ਬਾਰੇ ਜਾਣਕਾਰੀ
19.3 ਘਰ ਦਾ ਪਿਆਰ
19.4 ਵਿਸ਼ੇ ਦੀ ਆਲੋਚਨਾ
19.5 ਸਾਹਿੱਤਕ ਪੱਖ ਦੀ ਆਲੋਚਨਾ
19.6 ਸਾਰ
19.7 ਸਹਾਇਕ ਪੁਸਤਕਾਂ
19.8 ਅਭਿਆਸਾਂ ਦੇ ਉੱਤਰ


## 19.0 ਮਨੋਰਥ

ਇਸ ਪਾਠ ਵਿੱਚ ਪ੍ਰੋਫ਼ੈਸਰ ਤੇਜਾ ਸਿੰਘ ਦੇ ਲੇਖ "ਘਰ ਦਾ ਪਿਆਰ" ਦੀ ਚਰਚਾ ਕੀਤੀ ਜਾਵੇਗੀ। ਇਸ ਚਰਚਾ ਦਾ ਮਨੋਰਥ ਇਸ ਲੇਖ ਦੇ ਵਿਸ਼ੇ ਦੀ ਵਿਆਖਿਆ ਤੇ ਇਸ ਦੇ ਸਾਹਿੱਤਕ ਗੁਣਾਂ ਦੀ ਪੜਚੋਲ ਕਰਨੀ ਹੈ।

## 19.1 ਭੂਮਿਕਾ

ਇਸ ਪਾਠ ਵਿੱਚੋਂ ਪਹਿਲੇ ਪ੍ਰੋਫ਼ੈਸਰ ਤੇਜਾ ਸਿੰਘ ਦੇ ਜੀਵਨ ਤੇ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਜਾਵੇਗੀ ਤੇ ਉਪਰੰਤ ਉਸ ਦੇ ਲੇਖ "ਘਰ ਦਾ ਪਿਆਰ" ਦਾ ਮੂਲ ਦਿੱਤਾ ਜਾਵੇਗਾ। ਅੰਤ ਵਿੱਚ ਇਸ ਲੇਖ ਉੱਤੇ ਆਲੋਚਨਾਤਮਕ ਨੋਟ ਦਿੱਤਾ ਜਾਵੇਗਾ।

## 19.2 ਪ੍ਰੋਫ਼ੈਸਰ ਤੇਜਾ ਸਿੰਘ (1894-1958)

ਪ੍ਰੋ: ਤੇਜਾ ਸਿੰਘ ਦਾ ਜਨਮ ਹੁਣ ਦੇ ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਦੇ ਇੱਕ ਪਿੰਡ ਅਡਿਆਲਾ ਵਿੱਚ ਸੰਨ 1894 ਵਿੱਚ ਹੋਇਆ। ਇਸ ਇਲਾਕੇ ਦੇ ਲੋਕ ਜੋ ਪੋਠੋਹਾਰੀ ਅਖਵਾਉਂਦੇ ਹਨ, ਵਿਦਿਆ-ਪ੍ਰਾਪਤੀ ਤੇ ਸਾਹਿੱਤ-ਰਚਨਾ ਵਿੱਚ ਬਾਕੀ ਪੰਜਾਬੀਆਂ ਨਾਲੋਂ ਕੁੱਝ ਅਗੇਰੇ ਤੇ ਸਫਲ, ਸੁਆਦਲੀ ਤੇ ਮੁਹਾਵਰੇਦਾਰ ਭਾਸ਼ਾ ਵਰਤਨ ਵਿੱਚ ਵਧੇਰੇ ਨਿਪੁੰਣ ਹੁੰਦੇ ਸਨ। ਤੇਜਾ ਸਿੰਘ ਹੁਰਾਂ ਸੰਨ 1919 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੜ੍ਹਾਉਣਾ ਸ਼ੁਰੂ ਕੀਤਾ। ਉਨ੍ਹਾਂ ਦੇ ਕਈ ਵਿਦਿਆਰਥੀ ਉਨ੍ਹਾਂ ਦੇ ਪੜ੍ਹਾਉਣ ਦੇ ਵਧੀਆ ਢੰਗ ਨੂੰ ਹੁਣ ਤੱਕ ਯਾਦ ਕਰਦੇ ਹਨ। ਉਹ ਪੱਕੇ ਪੀਡੇ ਮੂੰਹ ਨਾਲ ਰਸਮੀ ਜਿਹੇ ਲੈਕਚਰ ਨਹੀਂ ਸੀ ਕਰਦੇ, ਬਲਕਿ ਵਿਦਿਆਰਥੀਆਂ ਨਾਲ ਅਪਣੱਤ ਪਾ ਕੇ, ਮਿਤਰਤਾ ਭਰੇ ਲਹਿਜੇ ਨਾਲ, ਕਦੇ ਗੰਭੀਰ ਹੋ ਕੇ ਤੇ ਕਦੇ ਹਾਸੇ ਮਖੌਲ ਦੀਆਂ ਗੱਲਾਂ ਕਰਕੇ, ਆਪਣੀ ਅਪਾਰ ਲਿਆਕਤ ਨਾਲ ਸਰੋਤਿਆਂ ਨੂੰ ਪ੍ਰਭਾਵਿਤ ਕਰਦੇ ਸਨ।

ਸੰਨ 1945 ਵਿੱਚ ਤੇਜਾ ਸਿੰਘ ਜੀ ਅੰਮ੍ਰਿਤਸਰ ਤੋਂ ਬੰਬਈ ਚਲੇ ਗਏ ਤੇ ਉੱਥੋਂ ਦੇ ਖਾਲਸਾ ਕਾਲਜ ਦੇ ਪ੍ਰਿੰਸੀਪਲ ਲਗ ਗਏ। 1951 ਤੱਕ ਆਪ ਮਹਿੰਦਰ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਲੱਗੇ ਰਹੇ ਤੇ ਵਿਚਕਾਰ ਕੁੱਝ ਸਮਾਂ ਪੈਪਸੂ ਸਰਕਾਰ ਦੇ ਪੰਜਾਬੀ ਵਿਭਾਗ ਦੇ ਪ੍ਰਮੁੱਖ ਦੀ ਸੇਵਾ ਵੀ ਨਾਲੋ-ਨਾਲ ਨਿਭਾਉਂਦੇ ਰਹੇ। ਜਦ 10 ਜਨਵਰੀ 1958 ਨੂੰ ਅੰਮ੍ਰਿਤਸਰ ਵਿੱਚ ਆਪ ਦਾ ਦੇਹਾਂਤ ਹੋਇਆ ਤਾਂ ਪੰਜਾਬ ਦੇ ਸਾਹਿੱਤਕ ਜਗਤ ਨੇ ਇੱਕ ਵੱਡਾ ਘਾਟਾ ਮਹਿਸੂਸ ਕੀਤਾ।

ਪੰਜਾਬੀ ਸਾਹਿੱਤ ਦੇ ਵਾਰਤਕ - ਲੇਖਕਾਂ ਵਿੱਚ ਪ੍ਰੋ: ਤੇਜਾ ਸਿੰਘ ਦਾ ਨਾਂ ਬਹੁਤ ਉੱਚਾ ਹੈ। ਪੰਜਾਬ ਦੀ ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੀ ਚੜ੍ਹਤ ਦੇ ਸਮੇਂ ਆਪ ਨੇ ਸਿੱਖ ਧਰਮ ਤੇ ਇਤਿਹਾਸ ਬਾਰੇ ਬਹੁਤ ਕੁੱਝ ਲਿਖਿਆ। ਉਸ ਵਕਤ ਦੇ ਧਾਰਮਿਕ ਲੇਖਕਾਂ ਨਾਲੋਂ ਆਪ ਦੀ ਦ੍ਰਿਸ਼ਟੀ ਵਧੇਰੇ ਵਿਸ਼ਾਲ ਤੇ ਆਪ ਦਾ ਗਿਆਨ ਵਧੇਰੇ ਡੂੰਘਾ ਸੀ। ਪਰ ਜਲਦੀ ਹੀ ਆਪ ਨੇ ਸਾਹਿੱਤਕ ਪਰਖ-ਪੜਚੋਲ ਦੇ ਵਿਸ਼ੇ ਨੂੰ ਵੀ ਅਪਣਾ ਲਿਆ ਤੇ ਨਵੇਂ ਪੁੰਗਰਦੇ ਪੰਜਾਬੀ

ਸਾਹਿੱਤਕਾਰਾਂ ਨੂੰ ਕੀਮਤੀ ਅਗਵਾਈ ਤੇ ਉਤਸਾਹ ਦੇਂਦੇ ਰਹੇ। ਉਸ ਸਮੇਂ ਅਨੁਸਾਰ ਆਪ ਦੀ ਆਲੋਚਨਾ ਨਵੀਆਂ ਲੀਹਾਂ ਪਾਉਣ ਵਾਲੀ ਸੀ, ਕਿਉਂਕਿ ਆਪ ਅੰਗਰੇਜ਼ੀ ਸਾਹਿੱਤ ਤੇ ਇਸ ਦੀ ਆਲੋਚਨਾ ਤੋਂ ਚੰਗੀ ਤਰ੍ਹਾਂ ਪਰਿਚਿਤ ਸਨ ਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਅੰਗਰੇਜ਼ੀ ਦੀਆਂ ਐਮ. ਏ. ਕਲਾਸਾਂ ਨੂੰ ਪੜ੍ਹਾਉਂਦੇ ਰਹੇ ਸਨ। ਆਪ ਨੇ ਪੰਜਾਬੀ ਆਲੋਚਨਾ ਨੂੰ ਰਵਾਇਤੀ ਹਠ-ਧਰਮੀ ਤੇ ਸੰਕੀਰਣਤਾ ਵਿੱਚੋਂ ਕੱਢਿਆ ਤੇ ਆਪਣੀ ਲਿਖਤ ਵਿੱਚ ਖੁੱਲ-ਦਿਲੇ ਵਿਚਾਰਾਂ, ਹੋਰਨਾਂ ਦੇਸ਼ਾਂ ਦੇ ਧਰਮਾਂ, ਸਭਿਆਚਾਰਾਂ, ਸਾਹਿੱਤਾਂ ਦੇ ਲੇਖਕਾਂ ਨਾਲ ਜਾਣ-ਪਛਾਣ ਦਾ ਛਿੱਟਾ ਦੇਂਦਿਆਂ, ਇੱਕ ਨਵੇਂ ਸੁਆਦ ਦਾ ਸੰਚਾਰ ਕੀਤਾ। ਪਰ ਨਵੇਂ ਵਿਚਾਰਾਂ ਤੇ ਵੰਡ-ਸੰਵੰਨੇ ਗਿਆਨ ਦੇ ਬਾਵਜੂਦ ਪ੍ਰੋ: ਤੇਜਾ ਸਿੰਘ ਪਾਠਕ ਨੂੰ ਇੱਕ, ਬੋਝਲ, ਅਕਾਵਾਂ ਤੇ ਪੰਡਿਤਾਊ ਲੇਖਕ ਪ੍ਰਤੀਤ ਨਹੀਂ ਸੀ ਹੁੰਦਾ। ਆਪ ਨੇ ਕੁੱਝ ਕਾਰਜ ਅੰਗਰੇਜ਼ੀ-ਪੰਜਾਬੀ ਕੋਸ਼ਕਾਰੀ ਦਾ ਵੀ ਕੀਤਾ।

ਧਰਮ ਤੇ ਸਾਹਿੱਤ ਉੱਤੇ ਟੀਕਾ ਟਿੱਪਣੀ ਕਰਨ ਤੋਂ ਛੁੱਟ ਪ੍ਰੋ: ਤੇਜਾ ਸਿੰਘ ਨੇ ਪੰਜਾਬੀ ਵਾਰਤਕ ਵਿੱਚ ਮੌਲਿਕ ਰਚਨਾ ਵੀ ਕਾਫ਼ੀ ਕੀਤੀ। ''ਘਰ ਦਾ ਪਿਆਰ'' ਲੇਖ ਆਪ ਦੀ ਵਾਰਤਕ ਸ਼ੈਲੀ ਦਾ ਪ੍ਰਤੀਨਿਧ ਨਮੂਨਾ ਕਿਹਾ ਜਾ ਸਕਦਾ ਹੈ। ਤੁਸੀਂ ਇਹ ਪੜ੍ਹ ਕੇ ਦੇਖ ਹੀ ਲਉਗੇ ਕਿ ਇਸ ਦੀ ਪੰਜਾਬੀ ਕਿੰਨੀ ਟਕਸਾਲੀ ਹੈ। ਇਹ ਭਾਵੇਂ ਔਖੀ ਨਹੀਂ ਪਰ ਇਸ ਨੂੰ ਅਸਲੋਂ ਸਾਦ-ਮੁਰਾਦੀ ਭਾਸ਼ਾ ਵੀ ਨਹੀਂ ਕਿਹਾ ਜਾ ਸਕਦਾ। ਅਸੀਂ ਇਸ ਨੂੰ ਸਰਲ ਭਾਸ਼ਾ ਕਹਿ ਸਕਦੇ ਹਾਂ ਤੇ ਸਰਲਤਾ ਪੱਕੀ ਹੋਈ ਸ਼ੈਲੀ ਦਾ ਉੱਤਮ ਗੁਣ ਗਿਣਿਆ ਜਾਂਦਾ ਹੈ। ਆਪ ਦੀ ਸਰਲਤਾ ਦਾ ਇੱਕ ਵਧੀਆ ਲੱਛਣ ਇਹ ਹੈ ਕਿ ਆਪਣੀ ਵਾਰਤਕ ਨੂੰ ਕਿਧਰੇ ਵੀ ਕੱਚੀ ਲੱਸੀ ਵਰਗੀ ਨਹੀਂ ਬਣਨ ਦਿੰਦੇ। ਆਪ ਨੂੰ ਚੇਤੰਨ ਰੱਖਦੀ ਹੈ। ਅੱਗੇ ਵਧਦੇ ਜਾਂਦੇ ਹਨ, ਕਿਧਰੇ ਵੀ ਚੁੱਕ ਕੇ ਵਾਧੂ ਦੁਹਰਾ ਦਾ ਸ਼ਿਕਾਰ ਨਹੀਂ ਹੁੰਦੇ। ਆਪ ਫ਼ਾਲਤੂ ਏਧਰ-ਉਧਰ ਨਹੀਂ ਝਾਕਦੇ। ਆਪਣੇ ਵਿਸ਼ੇ ਉੱਤੇ ਆਪ ਦਾ ਪੂਰਾ ਕਾਬੂ ਰਹਿੰਦਾ ਹੈ ਕਿਉਂਕਿ ਆਪ ਦੀ ਵਿਦਵਤਾ ਆਪ ਨੂੰ ਚੇਤੰਨ ਰੱਖਦੀ ਹੈ। ਪੰਜਾਬੀ ਸਾਹਿੱਤ ਵੱਲ ਆਪ ਓਪਰਿਆਂ ਦੀ ਤਰ੍ਹਾਂ ਨਹੀਂ ਸਨ ਆਏ ਬਲਕਿ ਮੁੱਢ ਤੋਂ ਇਸ ਦੇ ਮੈਦਾਨ ਵਿੱਚ ਵਿਚਰਦੇ ਰਹਿਣ ਕਰਕੇ ਇਸ ਦੀਆਂ ਵੱਖ ਵੱਖ ਸ਼ੈਲੀਆਂ ਦੇ ਜਾਣਕਾਰ ਸਨ। ਅਜਿਹੀ ਵਾਕਫ਼ੀ ਕਰਕੇ ਆਪ ਆਪਣੀ ਸ਼ੈਲੀ ਨੂੰ ਚੰਗੀ ਤਰ੍ਹਾਂ ਜੋਖ-ਪਰਖ ਕੇ ਬਹੁਤ ਦੋਸ਼ਾਂ ਤੋਂ ਮੁਕਤ ਰੱਖ ਸਕੇ ਤੇ ਆਪਣੇ ਵਿਸ਼ੇ ਨੂੰ ਸਪਸ਼ਟ ਤੇ ਰਸ-ਭਰਪੂਰ ਬਣਾਉਣ ਵਿੱਚ ਸਫਲ ਰਹੇ।

ਪ੍ਰੋ: ਤੇਜਾ ਸਿੰਘ ਦੀਆਂ ਸਾਹਿੱਤਕ ਵਾਰਤਕ ਵਿੱਚ ਮੁੱਖ ਰਚਨਾਵਾਂ ਇਹ ਹਨ :
ੳ) ਨਵੀਆਂ ਸੋਚਾਂ, ਅ) ਸਹਿਜ ਸੁਭਾ, ੲ) ਸਭਿਆਚਾਰ।
ਆਪਦੇ ਵਿਸ਼ਿਆਂ ਦੀ ਵੰਨਗੀ ਦਰਸਾਉਣ ਲਈ ਅਸੀਂ ਕੁੱਝ ਲੇਖਾਂ ਦਾ ਨਾਂ ਦੱਸਦੇ ਹਾਂ :
1) ਵਿਹਲੀਆਂ ਗੱਲਾਂ, 2) ਗੁਸਲਖ਼ਾਨਾ, 3)ਹਾਸ-ਰਸ, 4)ਸ਼ਹਿਰ ਦਾ ਨਲਕਾ, 5) ਨਵਾਂ ਜ਼ਮਾਨਾ, 6) ਸਭਿਆਚਾਰਾਂ ਦਾ ਮੇਲ, 7) ਸਾਊਪੁਣਾ, 8) ਆਮ ਵਾਕਫ਼ੀ ਤੇ ਸਭਿਆਚਾਰ ਦਾ ਘਾਟਾ, 9) ਕੀ ਗੁਰੂ ਨਾਨਕ ਦੇਵ ਪੜ੍ਹੇ ਹੋਏ ਸਨ, 10) ਗੰਗਾ ਦੀਨ, 11) ਪ੍ਰੀਤਮ ਸਿੰਘ ਦਾ ਸੁਭਾ 12) ਮਾਨਾਂ ਦਾ ਅੰਤ।

ਇਨ੍ਹਾਂ ਵਿੱਚੋਂ ਪਹਿਲੇ ਚਾਰ ਲੇਖ ਮਾਮੂਲੀ ਜਿਹੇ ਮਜ਼ਮੂਨਾਂ ਉੱਤੇ ਲਿਖੇ ਜਾਪਦੇ ਹਨ ਤੇ ਇਹ ਹਨ ਵੀ ਬਿਲਕੁਲ ਹਲਕੇ-ਫੁਲਕੇ ਪਰ ਇਨ੍ਹਾਂ ਵਿੱਚ ਕਈ ਬਹੁਤ ਟੁੰਬਦੇ ਤੇ ਜੀਵਨ ਵਿੱਚ ਕੰਮ ਆਉਣ ਵਾਲੇ ਸੁਝਾ ਹਨ। ਅਗਲੇ ਚਾਰ ਲੇਖ ਗੰਭੀਰ ਵਿਸ਼ਿਆਂ ਨਾਲ ਸੰਬੰਧਿਤ ਹਨ। ਇਨ੍ਹਾਂ ਵਿੱਚ ਪਾਠਕ ਵਿੱਚ ਬਦਲਦੇ ਜ਼ਮਾਨੇ ਦੀਆਂ ਸਿਹਤਮੰਦ ਰੁਚੀਆਂ ਨੂੰ ਕਬੂਲਣ, ਮਨੁੱਖੀ ਰਿਸ਼ਤਿਆਂ ਵਿੱਚ ਕੋਮਲਤਾ, ਪਰਸਪਰ ਹਮਦਰਦੀ ਤੇ ਪਰਾਏ ਦੇ ਕੰਮ ਆਉਣ ਦੀ ਰੁਚੀ ਜਗਾਉਣ ਦਾ ਜਤਨ ਹੈ। ਅੰਤਲੇ ਚਾਰ ਲੇਖਾਂ ਵਿੱਚ ਮਹਾਨ ਜਾਂ ਸਾਧਾਰਨ ਵਿਅਕਤੀਆਂ ਦੇ ਗੁਣਾਂ ਨੂੰ ਅਤਿਅੰਤ ਸਨੇਹ ਤੇ ਸਤਿਕਾਰ ਨਾਲ ਸਲਾਹਿਆ ਹੈ। ''ਮਾਨਾਂ'' ਪ੍ਰਿੰਸੀਪਲ ਸਾਹਿਬ ਦੀ ਧੀ ਦਾ ਨਾਂ ਸੀ। ਭਰ ਜਵਾਨੀ ਵਿੱਚ ਉਸ ਦੀ ਮੌਤ ਦਾ ਵਰਣਨ ਬਹੁਤ ਹਿਰਦੇ-ਸਪਰਸ਼ੀ ਹੈ।

**ਪਹਿਲਾ ਅਭਿਆਸ**

**ਨੋਟ**: ਹੇਠ-ਦਿੱਤੇ ਸਵਾਲਾਂ ਦੇ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦਿਓ:

1 ਪ੍ਰੋ: ਤੇਜਾ ਸਿੰਘ ਦੇ ਜੀਵਨ ਤੇ ਸਾਹਿੱਤ-ਰਚਨਾ ਉੱਤੇ ਇੱਕ ਨੋਟ ਲਿਖੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਪ੍ਰੋ: ਤੇਜਾ ਸਿੰਘ ਦੀ ਵਾਰਤਕ-ਕਲਾ ਬਾਰੇ ਜਾਣਕਾਰੀ ਦਿਓ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 19.3 ਲੇਖ : ਘਰ ਦਾ ਪਿਆਰ

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। 'ਘਰ' ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁਖ ਦੇ ਪਿਆਰ ਦੇ ਤੇ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿਚ ਮਾਂ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਲਤਾੜ ਕੇ, ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿੱਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿਜੀ ਵਲਵਲਿਆ ਤੇ ਸ਼ਖਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦਾ ਆਚਰਣ ਬਣਾਉਣ ਵਿੱਚ ਜਿਥੇ ਸਮਾਜਕ ਤੇ ਮੁਲਕੀ ਆਲੇ ਦੁਆਲੇ ਦਾ ਅਸਰ ਕੰਮ ਕਰਦਾ ਹੈ ਉੱਥੇ ਘਰ ਦੀ ਚਾਰ ਦਿਵਾਰੀ ਅਤੇ ਇਸ ਦੇ ਅੰਦਰਲੇ ਹਾਲਾਤ ਦਾ ਅਸਰ ਵੀ ਘਟ ਕੰਮ ਨਹੀਂ ਕਰਦਾ। ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿੱਚ ਹੈ। ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ। ਕਈ ਵਾਰੀ ਜਦ ਮੈਂ ਕਿਸੇ ਸਜਣ ਨੂੰ ਕੌੜੇ, ਸੜੀਅਲ, ਜਾਂ ਖਿਝੂ ਸੁਭਾ ਵਾਲਾ ਵੇਖਦਾ ਹਾਂ, ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪ੍ਰਿਆਰ ਨਹੀਂ ਮਿਲਿਆ ਹੋਣਾ।

ਮੇਰੇ ਇੱਕ ਜਾਣਕਾਰ ਬਿਰਧ ਬੀਬੀ ਜੀ ਹਨ, ਜੋ ਨੇਕੀ ਤੇ ਉਪਕਾਰ ਦੀ ਪੁਤਲੀ ਹਨ। ਸਵੇਰੇ ਸ਼ਾਮ ਬਿਲਾ ਨਾਗਾ ਨਿਤਨੇਮ ਕਰਦੇ ਗੁਰਦੁਆਰੇ ਦੀ ਪ੍ਰਕਰਮਾ ਕਰਦੇ ਹਨ। ਕਿਸੇ ਦੇ ਦੁੱਖ ਨੂੰ ਦੇਖ ਕੇ ਕਦੀ ਜਰ ਨਹੀਂ ਸਕਦੇ। ਵਲਵਲਾ ਉਨ੍ਹਾਂ ਦਾ ਇੰਨਾ ਕੋਮਲ ਤੇ ਪਵਿੱਤਰ ਹੈ ਕਿ ਚੱਪੇ ਚੱਪੇ ਹਮਦਰਦੀ ਨਾਲ ਫਿਸ ਪੈਂਦੇ ਹਨ। ਬੱਚਿਆਂ ਨੂੰ ਵੇਖ ਕੇ ਤਾਂ ਬੱਚੇ ਹੀ ਬਣ ਜਾਂਦੇ ਹਨ। ਪਰ ਸੁਭਾ ਉਨ੍ਹਾਂ ਦਾ ਬਹੁਤ ਖਰ੍ਹਵਾਂ ਹੈ। ਨਿੱਕੀ ਨਿੱਕੀ ਗੱਲ ਤੋਂ ਖਿਝ ਪੈਂਦੇ ਹਨ ਅਤੇ ਗੁੱਸੇ ਵਿੱਚ ਆ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ। ਉਸ ਹਾਲਤ ਵਿੱਚ ਉਨ੍ਹਾਂ ਨੂੰ ਦੇਖੋ ਤਾਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਕੋਈ ਤਰਸ ਨਹੀਂ, ਕੋਈ ਪਿਆਰ ਨਹੀਂ, ਪਰ ਹੁੰਦੇ ਉਸ ਵਕਤ ਵੀ ਉੱਨੇ ਹੀ ਨਰਮ ਤੇ ਕੋਮਲ ਹਨ। ਕੇਵਲ ਇਹ ਕੋਮਲਤਾ ਤੇ ਨਰਮੀ ਗੁੱਸੇ ਦੇ ਪਰਦੇ ਹੇਠ ਛੁਪੀ ਹੁੰਦੀ ਹੈ। ਇਸ ਗੁੱਸੇ ਤੇ ਝੱਲਪੁਣੇ ਦਾ ਕਾਰਨ ਉਨ੍ਹਾਂ ਦੀ ਜ਼ਿੰਦਗੀ ਦਾ ਪਿੱਛਾ ਫੋਲਣ ਤੋਂ ਇਹ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਿਆ। ਪਤੀ ਜਵਾਨੀ ਵਿੱਚ ਹੀ ਸਾਥ ਛੱਡ ਗਿਆ, ਅਤੇ ਝੋਲੀ ਪੁਤਰਾਂ ਧੀਆਂ ਤੋਂ ਖ਼ਾਲੀ ਰਹੀ। ਕਿਸੇ ਨੇ ਨਿੱਕੀਆਂ ਨਿੱਕੀਆਂ ਬਾਹਾਂ ਗਲੇ ਵਿੱਚ ਪਾ ਕੇ ਨਹੀਂ ਆਖਿਆ, 'ਬੀ ਜੀਓ! ਮੈਂ ਕਿੱਡਾ ਸੋਹਣਾ ਵਾਂ!'

ਮੈਂ ਕਈ ਵੱਡੇ ਵੱਡੇ ਕਥੱਕੜ ਵੇਖੇ ਹਨ। ਜੋ ਬਾਹਰ ਪੰਡਾਲਾਂ ਵਿੱਚ ਕਥਾ ਕਰਦਿਆਂ ਜਾਂ ਵਖਿਆਨ ਦਿੰਦਿਆਂ ਲੋਕਾਂ ਨੂੰ ਆਪਣੀ ਸਿਆਣਪ ਤੇ ਵਿਦਿਆ ਦੇ ਚਮਤਕਾਰ ਦਸ ਕੇ ਹੈਰਾਨ ਕਰ ਦਿੰਦੇ ਹਨ। ਪਰ ਜੇ ਕੋਈ ਦੁਖੀਆ ਜਾਂ ਲੋੜਵੰਦ ਉਹਨਾਂ ਦੇ ਦਰ ਤੇ ਜਾ ਖੜੋਵੇ ਤਾਂ ਚਾਰ ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੇ ਮਿਲਣ ਵੀ ਤਾਂ ਉਹਨਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ, ਅੱਖਾਂ ਨਮਰੂਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ, ਕਦੀ ਤਰਸ ਜਾਂ ਪਿਆਰ ਨਾਲ ਸਜਲ ਨਹੀਂ ਹੋਈਆਂ। ਇੱਡੀ ਕਰੜਾਈ ਦਾ ਕਾਰਨ ? ਕੇਵਲ ਇਹ ਕਿ ਇਹੋ ਜਿਹੇ ਸੱਜਣ ਆਪਣਾ ਸਾਰਾ ਸਮਾਂ ਪੋਥੀਆਂ ਫੋਲਣ, ਲਿਖਣ ਜਾਂ-ਜਿਵੇਂ ਇੱਕ ਸੱਜਣ ਦੀ ਵਹੁਟੀ ਕਿਹਾ ਕਰਦੀ ਹੈ - ਭਾਈ ਹੁਰੀਂ ਆਪਣੀ ਸਾਰੀ ਜ਼ਿੰਦਗੀ ਹੈਂਡ ਬੈਗ ਨਾਲ ਮੋਟਰਾਂ ਜਾਂ ਗੱਡੀਆਂ ਦੇ ਸਫ਼ਰ ਵਿੱਚ ਹੀ ਟਪਾ ਛੱਡਦੇ ਹਨ। ਉਹਨਾਂ ਵਿੱਚ ਘਰ ਦਾ ਪਿਆਰ ਨਹੀਂ ਹੁੰਦਾ। ਇਸ ਲਈ ਉਹਨਾਂ ਦੀ ਜ਼ਿੰਦਗੀ ਰਸ ਤੋਂ, ਨਿੱਘ ਤੋਂ, ਖ਼ਾਲੀ ਕੋਰੀ ਜਿਹੀ ਹੁੰਦੀ ਹੈ।

ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਵੱਡੇ-ਵੱਡੇ ਗੁਰੂਆਂ ਤੇ ਪੈਗੰਬਰਾਂ ਦੇ ਜੀਵਨ ਵੀ ਆਪਣੇ ਨਮੂਨੇ ਉੱਤੇ ਢਾਲਦੇ ਹੋਏ ਉਹਨਾਂ ਮਹਾਂ ਪੁਰਖਾਂ ਨੂੰ ਵੀ ਆਪਣੇ ਜਿਹੇ ਕੋਰੇ ਤੇ ਘਰੋਗੀ ਪਿਆਰ ਤੋਂ ਸੱਖਣੇ ਬਣਾ ਦਸਦੇ ਹਨ। ਗੁਰੂ ਨਾਨਕ ਸਾਹਿਬ ਦਾ ਜੀਵਨ ਇਉਂ ਦਸਦੇ ਹਨ ਕਿ ਜਿਵੇਂ ਉਹ ਕਦੀ ਤੋਤਲੀਆਂ ਗੱਲਾਂ ਕਰੰਨ ਵਾਲੇ ਬਚਪਨ ਵਿੱਚੋਂ ਲੰਘੇ ਹੀ ਨਹੀਂ ਹੁੰਦੇ। ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਤੇ ਪਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ, ਜਿਤਨੀਆਂ ਕਿ ਵੱਡੀ ਉਮਰ ਵਿੱਚ। ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਣ, ਅਲਬੇਲੀ ਤਬੀਅਤ, ਭੈਣ ਭਰਾ ਦਾ ਪਿਆਰ, ਲਾਡ ਤੇ ਰੁਸੇਵੇ ਮਹਾਂ ਪੁਰਖਾਂ ਦੀ ਬਣਤਰ ਲਈ ਉੱਨੇ ਹੀ ਜ਼ਰੂਰੀ ਹਨ ਜਿੰਨੇ ਕਿ ਆਮ ਮਨੁੱਖਾਂ ਲਈ। ਇਸ ਤਜਰਬੇ ਵਿੱਚ ਲੰਘਣ ਨਾਲ ਖਿਆਲਾਂ, ਵਲਵਲਿਆਂ ਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ ਤੇ ਹੁੰਦੀ ਹੈ। ਜਿਨ੍ਹਾਂ ਦੀ ਜ਼ਿੰਦਗੀ ਸਾਧਾਰਨ ਬਣਨੀ ਹੁੰਦੀ ਹੈ, ਉਹਨਾਂ ਨੂੰ ਬਚਪਨ ਦਾ ਇਹ ਤਜਰਬਾ ਸੰਸਾਰ ਦੇ ਆਮ ਕੰਮਾਂ ਲਈ ਤਿਆਰ ਕਰਦਾ ਹੈ, ਅਤੇ ਜਿਨ੍ਹਾਂ ਨੇ ਪੂਰਨਤਾ ਪ੍ਰਾਪਤ ਕਰਨੀ ਹੁੰਦੀ ਹੈ, ਉਹਨਾ ਲਈ ਘਰ ਦਾ ਪਿਆਰ, ਮਾਪਿਆਂ ਤੋਂ ਉਦਰੇਵਾਂ ਤੇ ਰੁਸੇਵਾਂ, ਭੈਣਾਂ ਦਾ ਥਾਂ ਥਾਂ ਤੇ ਵੀਰ ਨੂੰ ਬਚਾਉਣਾ ਇੱਕ ਅਜਿਹਾ ਚੁਗਿਰਦਾ ਬਣਾ ਰਖਦਾ ਹੈ ਜਿਸ ਤੋਂ ਉਹਨਾਂ ਦੇ ਵਲਵਲੇ ਉੱਚੇ ਸਾਈਂ ਦੇ ਪਿਆਰ ਵਲ ਪਰੇਰੇ ਜਾਂਦੇ ਹਨ ਅਤੇ ਸਿੱਕਾਂ ਸਿੱਕਣ ਤੇ ਕੁਰਬਾਨੀਆਂ ਕਰਨ ਦੀ ਜਾਚ ਆਉਂਦੀ ਹੈ। ਜਿਨ੍ਹਾਂ ਲਿਖਾਰੀਆਂ ਨੇ ਬਚਪਨ ਦੇ ਜ਼ਰੂਰੀ ਤਜ਼ਰਬੇ ਨੂੰ ਨਹੀਂ ਸਮਝਿਆ, ਉਨ੍ਹਾਂ ਨੇ ਈਸਾ ਦਾ ਜੀਵਨ ਉਹਨਾਂ ਦੇ ਬਚਪਨ ਦਾ ਹਾਲ ਦੇਣ ਤੋਂ ਬਿਨਾਂ ਹੀ ਲਿਖ ਦਿੱਤਾ, ਅਤੇ ਬੁੱਧ ਮਹਾਰਾਜ ਤੇ ਗੁਰੂ ਨਾਨਕ ਦੇ ਮਾਪਿਆਂ ਦੇ

ਆਚਰਣ ਨੂੰ ਬਹੁਤ ਕੋਝੇ ਢੰਗ ਨਾਲ ਰੰਗਿਆ। ਜੇ ਲਿਖਾਰੀਆਂ ਨੂੰ ਖਿਆਲ ਹੁੰਦਾ ਕਿ ਮਹਾਂ ਪੁਰਖ ਵੀ ਘਰ ਦੇ ਆਲੇ ਦੁਆਲੇ ਵਿੱਚੋਂ ਚੰਗਾ ਅਸਰ ਲੈ ਸਕਦੇ ਹਨ, ਤਾਂ ਉਹ ਇਹਨਾਂ ਦੇ ਮਾਪਿਆਂ ਦਾ ਜ਼ਿਕਰ ਬਹੁਤ ਸਤਿਕਾਰ ਨਾਲ ਕਰਦੇ ਅਤੇ ਉਹਨਾਂ ਦੇ ਘਰੋਗੀ ਚੁਗਿਰਦੇ ਵਿੱਚੋਂ ਕੁੱਝ ਮਹਾਨਤਾ ਦੇ ਚਿੰਨ੍ਹ ਲੱਭਣ ਦਾ ਯਤਨ ਕਰਦੇ। ਮੈਨੂੰ ਤਾਂ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿੱਚੋਂ ਵਧੀਕ ਤੋਂ ਵਧੀਕ ਦਰਦਨਾਕ ਤੇ ਰੁਮਾਂਚ ਕਰ ਦੇਣ ਵਾਲਾ ਨਜ਼ਾਰਾ ਉਹ ਲੱਭਦਾ ਹੈ ਜਿਸ ਵਿੱਚ ਗੁਰੂ ਜੀ ਪਰਦੇਸ ਯਾਤਰਾ ਕਰ ਕੇ ਘਰ ਨੂੰ ਪਰਤਦੇ ਹਨ, ਪਰ ਦਿਲ ਨੂੰ ਕਰੜਾ ਕਰਕੇ ਆਪ ਬਾਹਰ ਖੂਹ ਉੱਤੇ ਬਹਿ ਰਹਿੰਦੇ ਹਨ, ਅਤੇ ਭਾਈ ਮਰਦਾਨੇ ਨੂੰ ਆਪਣੇ ਘਰ ਵਾਲਿਆਂ ਦੀ ਖਬਰ ਸੁਰਤ ਲੈਣ ਲਈ ਪਿੰਡ ਭੇਜਦੇ ਹਨ, ਪਰ ਕਹਿੰਦੇ ਹਨ, ਇਹ ਨਾਂ ਦੱਸੀਂ ਕਿ ਮੈਂ ਵੀ ਇੱਥੇ ਆਇਆ ਹਾਂ। ਮਰਦਾਨਾ ਮਾਤਾ ਤ੍ਰਿਪਤਾ ਜੀ ਪਾਸ ਪੁੱਜਦਾ ਹੈ ਅਤੇ ਘਰ ਦਾ ਹਾਲ ਪੁੱਛ ਕੇ ਵਿਦਾ ਹੋਣ ਲਗਦਾ ਹੈ ਤਾਂ ਮਾਤਾ ਜੀ ਵੀ ਉਸ ਦੇ ਪਿੱਛੇ-ਪਿੱਛੇ ਪਿੰਡ ਤੋਂ ਬਾਹਰ ਉਸ ਥਾਂ ਪੁੱਜਦੇ ਹਨ ਜਿੱਥੇ ਗੁਰੂ ਜੀ ਬੈਠੇ ਹਨ। ਜੇ ਕਿਸੇ ਨੇ ਮਾਂ ਦੇ ਵਿਛੱਤਣ ਤੋਂ ਅਹੁਸ਼ੀ ਅਸਰ ਨੂੰ ਵੇਖਣਾ ਹੋਵੇ ਤਾਂ ਇਸ ਨਜ਼ਾਰੇ ਦੇ ਹਾਲ ਨੂੰ ਪੜ੍ਹੇ। ਮਾਤਾ ਆਪਣੇ ਪੁੱਤਰ ਨੂੰ ਵੇਖ ਕੇ ਬਿਹਬਲ ਹੋ ਜਾਂਦੀ ਹੈ ਅਤੇ ਓਸ ਵੇਲੇ ਜੋ ਮਮਤਾ ਵਾਲੇ ਲਫਜ਼ ਕਹਿੰਦੀ ਹੈ, ਉਹਨਾਂ ਦਾ ਕਰੁਣਾ ਰਸ ਉੱਚੀ ਤੋਂ ਉੱਚੀ ਕਵਿਤਾ ਤੇ ਉੱਚੇ ਤੋਂ ਉੱਚੇ ਵਲਵਲੇ ਨੂੰ ਮਾਤ ਕਰਦਾ ਹੈ। ਪੁੱਤਰ ਦਾ ਮੱਥਾ ਚੁੰਮ ਕੇ ਉਹ ਕਹਿੰਦੀ ਹੈ: ਵੇ ਬੱਚਾ, 'ਮੈਂ ਵਾਰੀ! ਮੈਂ ਤੈਥੋਂ ਵਾਰੀ! ਮੈਂ ਉਹਨਾਂ ਦੇਸਾਂ ਤੋਂ ਵਾਰੀ! ਉਹਨਾਂ ਰਾਹਾਂ ਤੋਂ ਵਾਰੀ! ਜਿਨ੍ਹਾਂ ਉੱਤੇ ਚਲ ਕੇ ਤੂੰ ਆਇਆ ਹੈਂ! ਜੇ ਕੋਈ ਸੁੱਕਾ ਫ਼ਲਾਸਫ਼ਰ ਹੁੰਦਾ ਤਾਂ ਓਸ ਵੇਲੇ ਆਪਣੀ ਮਾਂ ਨੂੰ ਕਹਿੰਦਾ, 'ਜਾ ਭਈ ਜਾ! ਇਹਨਾਂ ਤਿਲਾਂ ਵਿੱਚ ਤੇਲ ਨਹੀਂ। ਤੂੰ ਮਾਇਆ ਦਾ ਰੂਪ ਧਾਰ ਕੇ ਮੈਨੂੰ ਭਰਮਾਉਣ ਆਈ ਹੈਂ'। ਨਹੀਂ, ਗੁਰੂ ਜੀ ਮਾਤਾ ਜੀ ਦੇ ਬਚਨ ਸੁਣ ਕੇ ਫਿਸ ਪਏ ਅਤੇ ਉਸ ਦੇ ਚਰਨਾਂ ਉੱਤੇ ਡਿੱਗ ਕੇ ਰੋਏ, ਖੂਬ ਰੋਏ। ਉਹ ਅੱਥਰੂ ਹਜ਼ਾਰ ਗਿਆਨ-ਧਿਆਨ ਦਾ ਨਚੋੜ ਸਨ, ਹਜ਼ਾਰ ਫਰਜ਼ਾਂ ਤੇ ਪਰਉਪਕਾਰਾਂ ਦੀ ਜੜ੍ਹ ਨੂੰ ਸਿੰਜਣ ਵਾਲੇ ਸਨ।

ਕੀ ਗੁਰੂ ਨਾਨਕ ਸਾਹਿਬ ਦੇ ਦਿਲ ਉੱਤੇ ਬੀਬੀ ਨਾਨਕੀ ਦੇ ਪਿਆਰ ਦਾ ਅਸਰ ਘੱਟ ਸੀ, ਜਿਸ ਨੇ ਬਚਪਨ ਵਿੱਚ ਲੋਰੀਆਂ ਦੇ ਕੇ, ਕੁੱਛੜ ਚੁੱਕ ਕੇ ਪਾਲਿਆ ਸੀ ਅਤੇ ਪਿਤਾ ਦੀਆਂ ਚਪੇੜਾਂ ਤੋਂ ਬਚਾਇਆ ਤੇ ਖਰੇ ਸੌਦੇ ਕਰਦਿਆਂ ਸਲਾਹਿਆ ਤੇ ਉਤਸ਼ਾਹਿਆ ਸੀ ? ਜੇ ਉਹ 'ਨਾਨਕ' ਸਨ ਤਾਂ ਉਹ 'ਨਾਨਕੀ' ਨਹੀਂ ਸੀ ?

ਕੀ ਮੁਹੰਮਦ ਸਾਹਿਬ ਦੀ ਜ਼ਿੰਦਗੀ ਉੱਤੇ ਉਨ੍ਹਾਂ ਦੀ ਬੀਵੀ ਖਦੀਜਾ ਦਾ ਅਸਰ ਘਟ ਸੀ ਜਿਸ ਨੇ ਔਖੇ ਤੋਂ ਔਖੇ ਵੇਲੇ ਉਨ੍ਹਾਂ ਦੀ ਮਦਦ ਕੀਤੀ ਤੇ ਉਨ੍ਹਾਂ ਦੇ ਜੀਵਨ-ਆਦਰਸ਼ ਨੂੰ ਸਭ ਤੋਂ ਪਹਿਲਾਂ ਸਮਝ ਕੇ ਉਸ ਵਿੱਚ ਯਕੀਨ ਕੀਤਾ ਅਤੇ ਸਦਾ ਹੌਸਲਾ ਵਧਾਇਆ ? ਜਦ ਹਜ਼ਰਤ ਮੁਹੰਮਦ ਨੂੰ ਰੱਬ ਵੱਲੋਂ ਬਾਣੀ ਉਤਰਦੀ ਸੀ ਤਾਂ ਉਹ ਥੱਕ ਕੇ ਇੰਨੇ ਨਿਸੱਤੇ ਹੋ ਜਾਂਦੇ ਸਨ ਕਿ ਉਨ੍ਹਾਂ ਨੂੰ ਅਰਾਮ ਦੇ ਕੇ ਮੁੜ ਅਸਲੀ ਹਾਲਤ ਤੇ ਲਿਆਉਣ ਵਾਲੀ ਖਦੀਜਾ ਹੀ ਸੀ, ਜੋ ਉਨ੍ਹਾਂ ਦਾ ਸਿਰ ਆਪਣੇ ਪੱਟਾਂ ਉੱਤੇ ਰੱਖ ਕੇ ਪਿਆਰ ਨਾਲ ਸਭ ਥਕੇਵੇਂ ਦੂਰ ਕਰ ਦੇਂਦੀ ਸੀ।

ਜੇ ਕਾਰਲਾਈਲ ਆਪਣੀ ਤੀਵੀਂ ਨੂੰ ਪਿਆਰ ਕਰਦਾ ਤਾਂ ਉਹ ਇੰਨਾ ਖਿਝੂ ਤੇ ਸੜੂ ਨਾਂ ਹੁੰਦਾ। ਉਹ ਆਪਣੇ ਕਮਰੇ ਵਿੱਚ ਬੈਠਾ ਪੜ੍ਹਦਾ ਜਾਂ ਲਿਖਦਾ ਰਹਿੰਦਾ ਸੀ, ਅਤੇ ਉਸ ਦੀ ਵਹੁਟੀ ਬਰਾਂਡੇ ਵਿੱਚ ਬੈਠੀ ਆਏ ਗਏ ਨੂੰ ਤ੍ਰਾਂਹਦੀ ਰਹਿੰਦੀ। ਜਦ ਕਦੀ ਉਹ ਹੀਆਂ ਕਰਕੇ ਉਸ ਦੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿੱਝ ਕੇ ਖਾਣ ਨੂੰ ਪੈਂਦਾ ਅਤੇ ਉਸ ਨੂੰ ਤ੍ਰਾਹ ਕੇ ਬਾਹਰ ਕੱਢ ਦਿੰਦਾ। ਉਸ ਦਾ ਸਾਰੇ ਸੰਸਾਰ ਨੂੰ 'ਚੁੱਪ' ਦੇ ਮਜ਼ਮੂਨ ਉੱਤੇ ਅਮੁੱਕ ਸਿੱਖਿਆ ਦੇਣ ਦਾ ਕੀ ਲਾਭ ਜਦ ਉਸ ਦੀ ਆਪਣੀ ਕਲਮ ਚੁੱਪ ਨਹੀਂ ਕਰਦੀ ਅਤੇ 'ਅਹਿਮਕ ਨਾਈ ਦੀ ਕੈਂਚੀ' ਵਾਕਰ ਲੁਤਰ ਲੁਤਰ ਕਰਦੀ ਰਹਿੰਦੀ ਹੈ ? ਉਸ ਦਾ ਲੰਮੇ ਲੰਮੇ ਲੇਖ ਲਿਖ ਕੇ ਲੋਕਾਂ ਨੂੰ ਚਾਬਕ ਵਰਗੀ ਵ–ਦੀ ਤਾੜਨਾ ਕਰਨ ਦਾ ਕੀ ਲਾਭ ਜੇ ਉਹ ਆਪ ਇੱਕ ਘਰ ਦੀ ਸੁਆਣੀ ਨੂੰ ਵੀ ਆਰਾਮ ਨਾ ਦੇ ਸਕਿਆ।

ਅੱਜ ਕਲ ਬਹੁਤ ਸਾਰੀ ਦੁਰਾਚਾਰੀ ਦਾ ਕਾਰਨ ਘਰੋਗੀ ਵੱਸੋਂ ਦਾ ਘਾਟਾ ਤੇ ਬਜ਼ਾਰੀ ਰਹਿਣੀ-ਬਹਿਣੀ ਦਾ ਵਾਧਾ ਹੈ। ਘਰ ਘਟ ਰਹੇ ਹਨ ਤੇ ਹੋਟਲ ਵਧ ਰਹੇ ਹਨ। ਲੋਕੀਂ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ, ਬਾਲ ਬੱਚੇ ਤੇ ਤੀਵੀਂ ਨਾਲ ਜੀਵਨ ਬਿਤਾਣ ਦੀ ਥਾਂ ਕਲੱਬਾਂ ਤੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚੋਂ ਉਹ ਘਰੋਗੀ ਜ਼ਿਮੇਵਾਰੀ, ਉਹ ਬਰਾਦਰੀ ਵਾਲੀ ਸ਼ਰਾਫਤ, ਅਤੇ ਉਹ ਮਿੱਠਤ ਤੇ ਨਿਮ੍ਰਤਾ ਵਾਲੇ ਗੁਣ ਘਟ ਰਹੇ ਹਨ, ਜੋ ਕੇਵਲ ਘਰੋਗੀ ਆਚਰਣ ਤੋਂ ਹੀ ਉਪਜਦੇ ਹਨ। ਇਸਤਰੀ ਤੇ ਬੱਚਿਆਂ ਵਿੱਚ ਕੇਵਲ ਇਤਨੀ ਦਿਲਚਸਪੀ ਦੱਸੀ ਜਾਂਦੀ ਹੈ ਜਿਤਨੀ ਕਿ ਉਹਨਾਂ ਨੂੰ ਘਰ ਤੋਂ ਬਾਹਰ ਲੋਕਾਂ ਦੇ ਸਾਹਮਣੇ ਸੁਕੈ-ਬਾਂਕੇ ਬਣ ਕੇ ਵਿਖਾਲ ਜੋਗਾ ਬਣਾ ਦੇਵੇ। ਇਹ ਬਹੁਤ ਘਟ ਵੇਖਿਆ ਜਾਂਦਾ ਹੈ ਕਿ ਘਰ ਦਾ ਮਾਲਕ ਆਪਣੇ ਘਰ ਦੇ ਬੱਚਿਆਂ ਲਈ ਕੋਈ ਦਿਮਾਗੀ ਸਦਾਚਾਰਕ ਜਾਂ ਆਤਮਕ ਉਨਤੀ ਵਾਲੇ ਸਾਧਨ ਇਕੱਠੇ ਕਰਦਾ ਹੋਵੇ ਜਾਂ ਖੇਡਾਂ, ਪੁਸਤਕਾਂ, ਸਵਾਦੀ ਤਮਾਸ਼ੇ ਜਾਂ ਧਾਰਮਕ ਸਿੱਖਿਆ ਦੇ ਸਮਿਆਨ ਵਧਾਣ ਦਾ ਜਤਨ ਕਰਦਾ ਹੋਵੇ।

ਮੁੰਡਿਆਂ ਅਤੇ ਵਿਦਿਆਰਥੀਆਂ ਬਾਬਤ ਵੀ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਉਹ ਸਮਾਜਕ ਵਰਤੋਂ ਵਿੱਚ ਕੋਰੇ ਜਿਹੇ, ਗੈਰ-ਜ਼ਿੰਮੇਵਾਰ ਅਤੇ ਕਈ ਵੇਰ ਸਦਾਚਾਰ ਦੀਆਂ ਹੱਦਾਂ ਟੱਪ ਜਾਣ ਵਾਲੇ ਹੋ ਜਾਂਦੇ ਹਨ। ਇਸ ਦਾ ਕਾਰਨ ਵੀ ਘਰਾਂ ਨੂੰ ਛੱਡ ਕੇ ਬੋਰਡਿੰਗਾਂ ਦੀ ਰਹਿਣੀ ਬਹਿਣੀ ਹੈ। ਜਿਹੜਾ ਮੁੰਡਾ ਬਚਪਨ ਤੋਂ ਲੈ ਕੇ ਉਮਰ ਦਾ ਚੋਖਾ ਹਿੱਸਾ ਮਾਂ, ਭੈਣ, ਭਰਾ ਤੇ ਗੁਆਂਢੀਆਂ ਤੋਂ ਵੱਖਰਾ ਰਹਿ ਕੇ ਬੋਰਡਿੰਗ ਵਿੱਚ ਕੱਟਦਾ ਹੈ, ਉਸ ਵਿੱਚ ਘਰੋਗੀ ਗੁਣ (ਲੱਜਾ, ਹਮਦਰਦੀ, ਬਰਾਬਰੀ ਦਾ ਸਨਮਾਨ ਆਦਿ) ਨਹੀਂ ਪੈਦਾ ਹੁੰਦੇ। ਚਾਚੀ ਮਰ ਜਾਏ, ਤਾਂ ਮੁੰਡੇ ਨੂੰ ਆਪਣੇ ਚਾਚੇ ਪਾਸ ਜਾ ਕੇ ਪਰਚਾਉਣੀ ਕਰਨ ਦੀ ਜਾਚ ਨਹੀਂ ਆਉਂਦੀ। ਮਾਂ ਨੂੰ ਨਾਲ ਜਾ ਕੇ ਕਹਿਣਾ ਪੈਣਾਂ ਏ, 'ਕਾਕਾ ਚਾਚੀ ਲਈ ਅਫਸੋਸ ਕਰਨ ਆਇਆ ਹੈ।' ਇਹੋ ਜਿਹਾ ਰਿਸ਼ਤਾ ਸੰਬੰਧਾਂ ਤੋਂ ਕੋਰਾ ਅਤੇ ਘਰੋਗੀ ਪਿਆਰਾਂ ਤੋਂ ਭੁੱਖਾ ਰੱਖਿਆ ਹੋਇਆ ਮੁੰਡਾ ਜਦ ਸਾਲ ਮਗਰੋਂ ਆਪਣੇ ਪਿੰਡ ਜਾਂਦਾ ਹੈ ਤਾਂ ਕੁੜੀਆਂ ਵੇਖਕੇ ਆਪਣੀਆਂ ਅੱਖਾਂ ਜਾਂ ਦਿਲ ਨੂੰ ਸੰਭਾਲ ਨਹੀਂ ਸਕਦਾ, ਅਤੇ ਕਈ ਤਰ੍ਹਾਂ ਦੇ ਖਰੂਦ ਮਚਾਂਦਾ ਹੈ।



ਅਸਲੀ ਧਾਰਮਕ ਜੀਵਨ ਦੀ ਨੀਂਹ ਘਰ ਦੀ ਰਹਿਣੀ ਬਹਿਣੀ ਵਿੱਚ ਰੱਖੀ ਜਾ ਸਕਦੀ ਹੈ। ਪਰ ਲੋਕਾਂ ਦੀ ਰੁਚੀ ਘਰਾਂ

ਵਲ ਘਟ ਹੋਣ ਕਰਕੇ ਧਾਰਮਕ ਰਹਿਣੀ ਵੀ ਇੱਕ ਲੋਕਾਚਾਰ ਬਣ ਗਈ ਹੈ। ਧਰਮ ਘਰਾਂ ਵਿੱਚੋਂ ਨਿਕਲ ਕੇ ਬਜ਼ਾਰਾਂ ਵਿੱਚ ਆ ਗਿਆ ਹੈ। ਲੋਕੀਂ ਧਰਮ ਦੀ ਕਮਾਈ ਬੱਸ ਇਸੇ ਨੂੰ ਸਮਝੀ ਬੈਠੇ ਹਨ ਕਿ ਦਿਨ-ਦਿਹਾਰ ਨੂੰ ਕਿਸੇ ਦੀਵਾਨ ਵਿੱਚ ਹਾਜ਼ਰ ਹੋ ਕੇ ਪਾਠ, ਲੈਕਚਰ ਜਾਂ ਅਰਦਾਸ ਨੂੰ ਸੁਣ ਛੱਡਣਾ। ਘਰ ਵਿੱਚ ਇਸਤਰੀ ਬੱਚਿਆਂ ਨਾਲ ਰਲਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘੱਟ ਵੇਖੀ ਜਾਂਦੀ ਹੈ। ਪਰ ਅਸਲ ਵਿੱਚ ਧਾਰਮਕ ਰੁਚੀ ਕੇਵਲ ਉਸੇ ਆਦਮੀ ਅੰਦਰ ਪੈਦਾ ਹੋ ਸਕਦੀ ਹੈ ਜੋ ਘਰ ਵਾਲਿਆਂ ਨਾਲ ਰਲ ਕੇ ਕੋਈ ਧਾਰਮਕ ਸੰਸਕਾਰ ਕਰਦਾ ਜਾਂ ਆਪਣੇ ਰੱਬ ਨੂੰ ਯਾਦ ਕਰਦਾ ਹੈ।

ਜਿਹੜੇ ਲੋਕੀ ਘਰੋਗੀ ਜੀਵਨ ਛੱਡ ਕੇ ਸਾਧ ਸੰਤ ਬਣ ਕੇ ਧਰਮ ਕਮਾਉਣਾ ਚਾਹੁੰਦੇ ਹਨ, ਉਹਨਾਂ ਲਈ ਇਹ ਕੰਮ ਉਤਨਾ ਹੀ ਔਖਾ ਹੈ ਜਿਤਨਾ ਕਿ ਉਸ ਕਿਸਾਨ ਲਈ ਜੋ ਜ਼ਿਮੀਂ ਨੂੰ ਛੱਡ ਕੇ ਹਵਾ ਵਿੱਚ ਬੀ ਬੀਜਣਾ ਚਾਹੇ। ਵੱਡੇ-ਵੱਡੇ ਮਹਾਂ ਪੁਰਖ ਅਖਵਾਣ ਵਾਲੇ, ਜੋ ਗ੍ਰਹਿਸਤ ਤੋਂ ਕੰਨੀਂ ਕਤਰਾਂਦੇ ਸਨ, ਧਾਰਮਕ ਜਾਂ ਇਖ਼ਲਾਕੀ ਔਕੜ ਪੈਣ ਤੇ ਝੱਟ ਡਿਗ ਜਾਂਦੇ ਸਨ (ਕਿਸੇ ਦਾ ਨਾਂ ਕੀ ਲੈਣਾ ਹੋਇਆ ?) ਤੁਸੀਂ ਕਈਆਂ ਦੀਆਂ ਸਾਖੀਆਂ ਪੜ੍ਹਦੇ ਹੋਵੋਗੇ ਕਿ ਉਹ ਸਾਰੀ ਉਮਰ ਜਤੀ ਰਹੇ, ਪਰ ਜਦ ਕਿਸੇ ਦਰਿਆ ਦੇ ਕੰਢੇ ਇਸਤਰੀਆਂ ਨ੍ਹਾਉਂਦੀਆਂ ਵੇਖੀਆਂ ਤਾਂ ਆਪਣੇ ਆਪ ਉੱਤੇ ਕਾਬੂ ਨਾ ਰੱਖ ਸਕੇ। ਕਈ ਤਾਂ ਇਸੇ ਡਰ ਤੋਂ ਕਿ ਕਿਧਰੇ ਮਾਇਆ ਵਿੱਚ ਫਸ ਨਾ ਜਾਈਏ, ਜੰਮਦਿਆਂ ਹੀ ਕਰਮੰਡਲ ਚੁੱਕ ਕੇ ਬਨਬਾਸ ਕਰਨ ਚਲੇ ਜਾਂਦੇ ਸਨ। ਅੰਤ ਇਹੋ ਜਿਹਿਆਂ ਨੂੰ ਵੀ ਠੀਕ ਰਸਤਾ ਲੱਭਦਾ ਸੀ ਤਾਂ ਗ੍ਰਹਿਸਤੀ ਰਾਜੇ ਜਨਕ ਵਰਗਿਆਂ ਤੋਂ। ਇਸੇ ਲਈ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉੱਤੇ ਜ਼ੋਰ ਦਿੱਤਾ, ਕਿਉਂਕਿ ਸਦਾਚਾਰ ਬਣਦਾ ਹੀ ਘਰੋਗੀ ਜੀਵਨ ਤੋਂ ਹੈ। ਧੀਆਂ-ਪੁੱਤਰ, ਇਸਤਰੀ ਮਾਤਾ-ਪਿਤਾ, ਇਹ ਮਾਇਆ ਦੇ ਸੰਬੰਧ ਨਹੀਂ; ਸਗੋਂ ਹਰੀ ਨੇ ਆਪ ਸਾਡੇ ਆਚਰਣ ਢਾਲਣ ਲਈ ਪਵਿੱਤਰ ਸਾਕੇ ਬਣਾਏ ਹਨ :

ਮਾਈ ਬਾਪ ਪੁਤ੍ਰ ਸਭਿ, ਹਰ ਕੇ ਕੀਏ।
ਸਭਨਾਂ ਕਉ ਸਨਬੰਧੁ ਹਰਿ ਪ੍ਰਭ ਕਰਿ ਦੀਏ (ਗੂਜਰੀ ਮ: 4)

ਜਿਸ ਨੇ ਕਿਸੇ ਵਿਹਾਰ ਵਿੱਚ ਪੈ ਕੇ ਨਿਤ-ਨਿਤ ਬਦਦਿਆਨਤੀ ਦਾ ਟਾਕਰਾ ਨਹੀਂ ਕੀਤਾ, ਉਸ ਨੇ ਦਿਆਨਤਦਾਰੀ ਦੇ ਗੁਣ ਨੂੰ ਕਿਵੇਂ ਸਿੱਖਣਾ ਹੋਇਆ ? ਇਸੇ ਤਰ੍ਹਾਂ ਜਿਸ ਨੇ ਪਿਤਾ, ਮਾਤਾ, ਭਰਾ, ਭੈਣ, ਪੁੱਤਰ, ਧੀ ਬਣ ਕੇ ਇਹਨਾਂ ਔਕੜਾਂ ਦਾ ਮੁਕਾਬਲਾ ਨਹੀਂ ਕੀਤਾ, ਉਸ ਨੂੰ ਇਹਨਾਂ ਸੰਬੰਧਾਂ ਵਿੱਚੋਂ ਪੈਦਾ ਹੋਏ ਗੁਣ, ਪਿਤਾਪੁਣਾ, ਪੁੱਤਰਪੁਣਾ ਆਦਿ ਕਿਵੇਂ ਆ ਸਕਦੇ ਹਨ ? ਪਿਆਰ, ਹਮਦਰਦੀ, ਕੁਰਬਾਨ, ਸੇਵਾ ਆਦਿ ਗੁਣ ਕਦੀ ਵੀ ਨਹੀਂ ਸਿੱਖੇ ਜਾ ਸਕਦੇ ਜਦ ਤਕ ਕਿ ਮਨੁੱਖ ਘਰ ਦੇ ਸੰਬੰਧੀਆਂ ਨਾਲ ਪਿਆਰ, ਉਹਨਾਂ ਦੀ ਸੰਭਾਲ ਲਈ ਉੱਦਮ ਤੇ ਯੋਗਤਾ ਨਾ ਪੈਦਾ ਕਰੇ।

ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ। ਕੇਵਲ ਉਹੀ ਲੋਕ ਆਪਣੇ ਮੁਲਕ ਉੱਤੇ ਹਮਲੇ ਜਾਂ ਅਤਿਆਚਾਰ ਹੁੰਦੇ ਨਹੀਂ ਸਹਾਰ ਸਕਦੇ ਜਿਨ੍ਹਾਂ ਦੇ ਘਰਾਂ ਨੂੰ ਟੱਬਰਾਂ ਨੂੰ, ਵਹੁਟੀ ਤੇ ਬੱਚਿਆਂ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੁੰਦਾ ਹੈ। ਮੈਨੂੰ ਹਿੰਦੁਸਤਾਨ ਉਤਨਾ ਹੀ ਪਿਆਰਾ ਹੈ ਜਿਤਨੇ ਕਿ ਮਰੇ ਆਪਣੇ ਅਡਿਆਲੇ ਪਿੰਡ ਦਾ ਕੱਚਾ ਕੋਠਾ ਅਤੇ ਉਸ ਵਿੱਚ ਵਸਦੇ ਬੰਦੇ ਪਿਆਰੇ ਹਨ। ਮੈਨੂੰ ਯਾਦ ਹੈ, ਜਦ ਮੈਂ ਰਾਵਲਪਿੰਡੀ ਪੜ੍ਹਦਾ ਹੁੰਦਾ ਸਾਂ ਤਾਂ ਹਰ ਹਫ਼ਤੇ ਐਤਵਾਰ ਕੱਟਣ ਨੂੰ ਆਪਣੇ ਪਿੰਡ ਜਾਂਦਾ ਹੁੰਦਾ ਸਾਂ, ਜਦ ਮੈਂ 'ਚਿਰ ਪੜਾਂ ਤੋਂ ਲੰਘ ਕੇ 'ਤ੍ਰਪਿਆਂ' ਕੋਲ ਪਹੁੰਚਦਾ ਸਾਂ, ਜਿੱਥੋਂ ਇੱਕ ਟਿੱਬੇ ਦੇ ਉਹਲੇ ਮੇਰਾ ਪਿੰਡ ਵਸਦਾ ਦਿਸਦਾ ਸੀ ਤਾਂ ਪਿੰਡ ਦੀ ਪਿਆਰੀ ਝਾਕੀ ਅੱਖਾਂ ਦੇ ਸਾਹਮਣੇ ਆਉਣ ਤੋਂ ਪਹਿਲਾਂ ਮੈਂ ਉਸ ਟਿੱਬੇ ਕੋਲ ਠਹਿਰ ਜਾਂਦਾ ਸਾਂ ਅਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਵਲ ਝਾਕਣ ਦਾ ਹੀਆ ਕਰਦਾ ਸਾਂ। ਮੁੜਦੀ ਵੇਰ ਵੀ ਪਿੰਡ ਨੂੰ ਅੱਖਾਂ ਤੋਂ ਉਹਲੇ ਹੋਣ ਤੋਂ ਪਹਿਲਾਂ ਮੁੜ-ਮੁੜ ਵੇਖਦਾ ਸਾਂ। ਕਈ ਵੇਰ ਉਸਦੇ ਓਹਲੇ ਹੋ ਜਾਣ ਤੋਂ ਮਗਰੋਂ ਕੁੱਝ ਕਦਮ ਪਿੱਛੇ ਪਰਤ ਕੇ ਮੁੜ ਪਿੰਡ ਨੂੰ ਵੇਖਣ ਜਾਂਦਾ ਸੀ। ਪਿੰਡ ਕਿੱਡਾ ਪਿਆਰਾ ਸੀ। ਅਤੇ ਉਸ ਵਿੱਚ ਵਸਦੇ ਮੇਰੇ ਸੰਬੰਧੀ ਹੋਰ ਵੀ ਪਿਆਰੇ ਸਨ; ਪਰ ਹੁਣ ਉਹ ਕਿੱਥੇ ? ਸਭ ਛਾਈ ਮਾਈਂ ਹੋ ਗਏ। ਹੁਣ ਤਾਂ ਕੋਈ ਅੰਗਰੇਜ਼ ਜਾਂ ਫਰਾਂਸੀਸੀ ਮੇਰੇ ਪਿੰਡ ਜਾਏ ਤਾਂ ਜਾ ਸਕਦਾ ਹੈ, ਪਰ ਮੈਂ ਨਹੀਂ ਜਾ ਸਕਦਾ।

## 19.4 ਵਿਸ਼ੇ ਦੀ ਆਲੋਚਨਾ

ਪ੍ਰੋਫ਼ੈਸਰ ਤੇਜਾ ਸਿੰਘ ਦਾ ਇਹ ਲੇਖ ਉਨ੍ਹਾਂ ਦੇ ਪ੍ਰਸਿੱਧ ਲੇਖਾਂ ਵਿੱਚੋਂ ਇੱਕ ਹੈ, ਸ਼ਾਇਦ ਇਹ ਸਭ ਤੋਂ ਵੱਧ ਪ੍ਰਸਿੱਧ ਹੈ। ਜਿਨ੍ਹਾਂ ਨੇ ਇਹ ਪੜ੍ਹਿਆ ਹੈ ਉਹ ਇਸ ਦੀ ਬੜੀ ਪ੍ਰਸ਼ੰਸਾ ਕਰਦੇ ਹਨ।

ਘਰ ਦਾ ਪਿਆਰ ਕੀ ਹੈ ? ਕੀ ਇਹ ਘਰ ਨੂੰ ਪਿਆਰ ਹੈ ਜਾਂ ਘਰ ਵਿੱਚੋਂ ਮਿਲਣ ਵਾਲਾ ਪਿਆਰ ਹੈ। ਇਹ ਲੇਖ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਲੇਖਕ ਨੇ ਇਹ ਦੋਵੇਂ ਅਰਥ ਲਏ ਹਨ। ਅਸੀਂ ਘਰ ਨੂੰ ਪਿਆਰ ਕਰਦੇ ਹਾਂ ਕਿਉਂਕਿ ਘਰ ਵਿੱਚੋਂ ਸਾਨੂੰ ਕਈ ਪ੍ਰਕਾਰ ਦਾ ਪਿਆਰ ਮਿਲਦਾ ਹੈ।

ਘਰ ਵਿੱਚ ਮਿਲਣ ਵਾਲੇ ਪਿਆਰਾਂ ਵਿੱਚੋਂ ਸਭ ਤੋਂ ਵੱਡਾ ਪਿਆਰ ਮਾਂ ਦਾ ਹੁੰਦਾ ਹੈ। ਮਾਂ ਤੋਂ ਛੁੱਟ ਪਿਉ, ਭੈਣ, ਭਰਾ, ਪਤੀ, ਪਤਨੀ, ਦਾਦਾ, ਦਾਦੀ, ਤਾਇਆ, ਤਾਈ, ਚਾਚਾ, ਚਾਚੀ ਆਦਿਕ ਦੇ ਪਿਆਰ ਵੀ ਸਾਰੇ ਜਾਂ ਵੱਧ-ਘੱਟ, ਘਰਾਂ ਵਿੱਚੋਂ ਹੀ ਪ੍ਰਾਪਤ ਹੁੰਦੇ ਹਨ। ਪ੍ਰੋ: ਤੇਜਾ ਸਿੰਘ ਨੇ ਇਨ੍ਹਾਂ ਵਿਚੋਂ ਕਿਸੇ ਇੱਕ ਕਿਸਮ ਦੇ ਪਿਆਰ ਦਾ ਵਿਸਤਾਰ ਨਾਲ ਵਰਣਨ ਨਹੀਂ ਕੀਤਾ, ਪਰ ਇਹ ਬਾਰ-ਬਾਰ ਕਿਹਾ ਹੈ ਕਿ ਘਰ ਦੇ ਪਿਆਰ ਦਾ ਵਿਅਕਤੀ ਤੇ ਸਮਾਜ ਉੱਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਨੇ ਇਹ ਤਾਂ ਮੰਨਿਆ ਹੈ ਕਿ ਵਿਅਕਤੀ ਉੱਤੇ "ਸਮਾਜਿਕ ਤੇ ਮੁਲਕੀ ਆਲੇ-ਦੁਆਲੇ

ਦਾ ਅਸਰ ਕੰਮ ਕਰਦਾ ਹੈ ''ਪਰ ਬਹੁਤਾ ਮਹੱਤਵ ਘਰ ਦੇ ਪਿਆਰ ਨੂੰ ਦਿੱਤਾ ਹੈ। ਪਰਿਵਾਰ ਸਮਾਜ ਦੀ ਹੀ ਇੱਕ ਇਕਾਈ ਹੁੰਦੀ ਹੈ ਤੇ ਇਹ ਹੋਰ ਇਕਾਈਆਂ ਨਾਲੋਂ ਵਡੇਰੀ ਵਿਸ਼ੇਸ਼ਤਾ ਵਾਲੀ ਹੁੰਦੀ ਹੈ।

ਪ੍ਰੋ: ਤੇਜਾ ਸਿੰਘ ਵਲੋਂ ਘਰ ਦੇ ਪਿਆਰ ਦਾ ਮਹੱਤਵ ਉਘਾੜਿਆ ਜਾਣਾ ਬਹੁਤ ਡੂੰਘੀ ਸੂਝ ਦਾ ਸਬੂਤ ਹੈ। ਕਿਸੇ ਸਮਾਜ ਦੀ ਆਰਥਿਕ ਰਾਜਸੀ, ਸਭਿਆਚਾਰਕ ਤੇ ਹੋਰ ਕਈ ਤਰ੍ਹਾਂ ਦੀ ਉਨਤੀ ਲਈ ਘਰ ਦਾ ਪਿਆਰ ਇੱਕ ਬੁਨਿਆਦ ਹੈ। ਸਭਿਅਤਾ ਦੇ ਵਿਕਾਸ ਨੇ ਕੁੱਝ ਪੜਾ ਤੇ ਕੀਤੇ ਹਨ ਤੇ ਕੁੱਝ ਹੋਰ ਕਰਨੇ ਹਨ। ਜਾਂਗਲੀ ਅਵਸਥਾ ਵਿੱਚ ਮਨੁੱਖ ਦੇ ਪਰਿਵਾਰਿਕ ਰਿਸ਼ਤੇ ਜਿਹੋ ਜਿਹੇ ਸਨ ਹੁਣ ਉਸ ਤੋਂ ਬਹੁਤ ਵਧੇਰੇ ਵਿਕਸਤ ਤੇ ਮਾਨਵੀ ਹਨ। ਪਰ ਵਿਹਾਰ ਵਿੱਚ ਹਾਲੇ ਵੀ ਮਨੁੱਖਾਂ ਦੇ ਆਪਸੀ ਰਿਸ਼ਤੇ ਘਰ ਤੇ ਰਿਸ਼ਤਿਆਂ ਵਰਗੇ ਪੀਡੇ ਤੇ ਸੁਖਾਵੇ ਨਹੀਂ ਹਨ। ਵਿਹਾਰ ਵਿੱਚ ਤਾਂ ਮੁਕਾਬਲੇ ਦੀ ਦੌੜ ਹੁੰਦੀ ਹੈ ਤੇ ਕਈ ਥਾਂ ਇੱਟ-ਕੁੱਤੇ ਦਾ ਵੈਰ ਵੀ ਹੁੰਦਾ ਹੈ। ਕਿਸੇ ਸਿਆਣੇ ਨੇ ਕਿਹਾ ਹੈ ਕਿ ਸਭਿਅਤਾ ਦਾ ਅਗਲਾ ਕਦਮ ਉਦੋਂ ਪੁੱਟਿਆ ਜਾਏਗਾ, ਜਦੋਂ ਵਿਹਾਰ ਵਿੱਚ ਮਨੁੱਖੀ ਰਿਸ਼ਤੇ ਘਰ ਦੇ ਜੀਆਂ ਦੇ ਪਰਸਪਰ ਰਿਸ਼ਤਿਆਂ ਵਰਗੇ ਹੋ ਜਾਣਗੇ।

ਘਰ ਦੇ ਜੀਅ ਇੱਕ ਦੂਜੇ ਦੀ ਬਹੁਤ ਸੇਵਾ ਕਰਦੇ ਹਨ। ਸਭ ਤੋਂ ਵੱਧ ਸੇਵਾ ਮਾਂ ਆਪਣੇ ਬੱਚਿਆਂ ਦੀ ਕਰਦੀ ਹੈ। ਜੇ ਨਾ ਕਰੇ ਤਾਂ ਬੱਚੇ ਕਿਵੇਂ ਪਲਣ ? ਜੰਮਦਾ ਬੱਚਾ ਆਪਣੇ ਆਪ ਕੁੱਝ ਨਹੀਂ ਕਰ ਸਕਦਾ, ਉਹ ਮਾਂ ਉੱਤੇ ਪੂਰੀ ਤਰ੍ਹਾਂ ਆਧਾਰਿਤ ਹੁੰਦਾ ਹੈ। ਮਾਂ ਦੇ ਦਿਲ ਵਿੱਚ ਸ਼ੁਰੂ ਤੋਂ ਹੀ ਆਪਣੇ ਬੱਚੇ ਲਈ ਪਿਆਰ ਦੀਆਂ ਕਾਂਗਾਂ ਉਛਲਦੀਆਂ ਹਨ। ਇਹ ਕੁਦਰਤੀ ਮੋਹ ਮਾਂ ਨੂੰ ਬੱਚੇ ਦੀਆਂ ਖਾਣ-ਪੀਣ, ਨੁਹਾਉਣ-ਧੁਆਉਣ, ਸੁਆਰਨ-ਸ਼ਿੰਗਾਰਨ, ਖਿਡਾਉਣ ਤੇ ਸੁਆਉਣ ਦੀਆਂ ਅਨੇਕਾਂ ਲੋੜਾਂ ਪੂਰੀਆਂ ਕਰਨ ਲਈ ਪ੍ਰੇਰਦਾ ਹੈ। ਮਾਂ ਨੂੰ ਬੱਚੇ ਦੀ ਇਸ ਤਰ੍ਹਾਂ ਦੀ ਸੇਵਾ ਕਰਨ ਵਿੱਚ ਇੱਕ ਅਨੋਖੀ ਖੁਸ਼ੀ ਹੁੰਦੀ ਹੈ। ਵੱਡੀ ਭੈਣ ਛੋਟੇ ਭਰਾ ਦੀ ਸੇਵਾ ਕਰਨ ਵਿੱਚ ਇਸੇ ਤਰ੍ਹਾਂ ਦੀ ਸੰਤੁਸ਼ਟੀ ਪ੍ਰਤੀਤ ਕਰਦੀ ਹੈ ਤੇ ਇਹ ਕੁੱਝ ਮਾਂ ਕੋਲੋਂ ਸਿਖਦੀ ਹੈ। ਬਾਕੀ ਰਿਸ਼ਤੇਦਾਰ ਵੀ ਥੋੜਾ ਬਹੁਤ ਇਸੇ ਰੰਗ ਵਿੱਚ ਰੰਗੇ ਜਾਂਦੇ ਹਨ। ਬੱਚਿਆਂ ਦਾ ਪਿਤਾ ਰੀਝ ਨਾਲ ਉਨ੍ਹਾਂ ਲਈ ਖਿਡੌਣੇ, ਕੱਪੜੇ, ਮਿਠਿਆਈਆਂ ਤੇ ਹੋਰ ਅਨੇਕਾਂ ਚੀਜ਼ਾਂ ਲਿਆਉਂਦਾ ਹੈ। ਬੱਚੇ ਨੂੰ ਇਉਂ ਲਗਦਾ ਹੈ ਕਿ ਉਸ ਦਾ ਪਿਤਾ ਸਭ ਪਾਸਿਉਂ ਸਮੱਰਥ ਹੈ। ਵੱਡੇ ਹੋ ਕੇ ਬੱਚੇ ਮਾਂ-ਬਾਪ ਦੀ ਸੇਵਾ ਕਰਨ ਲਈ ਉਤਸਾਹਿਤ ਹੁੰਦੇ ਹਨ। ਪ੍ਰੋ: ਤੇਜਾ ਸਿੰਘ ਨੇ ਕਿਹਾ ਹੈ ਕਿ ਘਰ ਵਿੱਚ ''ਬੁਢੇਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ।'' ਇਸ ਖਿੱਚ ਦਾ ਆਧਾਰ ਘਰ ਦੇ ਵਾਤਾਵਰਨ ਦਾ ਉਹੋ ਆਮ ਵਿਹਾਰੀਪੁਣੇ ਤੋਂ ਆਜ਼ਾਦ ਹੋਣਾ ਹੈ। ਘਰ ਵਿੱਚ ਮਨੁੱਖ ਦੀ ਕਦਰ ਕੇਵਲ ਉਸ ਦੀ ਕਮਾਈ ਦਾ ਸਦਕਾ ਨਹੀਂ ਹੁੰਦੀ। ਇਹੋ ਜਿਹੀ ਮਨੁੱਖੀ ਕਦਰ ਘਰੋਂ ਬਾਹਰ ਦੇ ਜੀਆਂ ਦੀ ਵੀ ਹੋਣੀ ਚਾਹੀਦੀ ਹੈ। ਉੱਤਮ ਸਮਾਜ ਇੱਕ ਵਿਸ਼ਾਲ ਪਰਿਵਾਰ ਵਰਗਾ ਹੀ ਹੁੰਦਾ ਹੈ ਜਿਸ ਵਿੱਚ ਸਭ ਇੱਕ ਦੂਜੇ ਦੀ ਸੇਵਾ ਕਰਦੇ ਹਨ। ਕਿਰਤ ਕਮਾਈ ਤਾਂ ਸਭ ਨੇ ਕਰਨੀ ਹੀ ਹੁੰਦੀ ਹੈ ਤੇ ਜਿਹੜੇ ਨਹੀਂ ਕਰਦੇ ਉਨ੍ਹਾਂ ਨੂੰ ਕਰਨ ਲਈ ਪ੍ਰੇਰਨਾ ਚਾਹੀਦਾ ਹੈ ਪਰ ਸਾਡਾ ਰੁਜ਼ਗਾਰ ਸਵਾਰਥ ਲਈ ਨਾ ਕੀਤਾ ਜਾਵੇ, ਸਗੋਂ ਸਮਾਜ ਦੀ ਕਿਸੇ ਲੋੜ ਦੀ ਪੂਰਤੀ ਲਈ ਸਾਧਨ ਬਣੇ। ਤਦ ਇਹ ਸੇਵਾ ਦੇ ਦਰਜ਼ੇ ਉੱਤੇ ਪੁੱਜ ਜਾਵੇਗਾ। ਘਰ ਦਾ ਪਿਆਰ ਸਾਡੇ ਵਿੱਚ ਸੇਵਾ ਦੀ ਭਾਵਨਾ ਜਗਾ ਕੇ ਸਾਨੂੰ ਚੰਗੇ ਸ਼ਹਿਰੀ ਬਣਨ ਲਈ ਤਿਆਰ ਕਰਦਾ ਹੈ। ਜਿੱਥੇ ਪਿਆਰ ਹੋਵੇ ਉੱਥੇ ਸੇਵਾ ਸੁਭਾਵਿਕ ਹੁੰਦੀ ਹੈ ਤੇ ਜਿੱਥੇ ਸੇਵਾ ਹੋਵੇ ਉੱਥੇ ਪਿਆਰ ਸੁਭਾਵਿਕ ਹੁੰਦਾ ਹੈ।

ਲੇਖਕ ਨੇ ਮਾਂ ਦੇ ਪਿਆਰ ਦਾ ਇੱਕ ਪ੍ਰਮਾਣ ਗੁਰੂ ਨਾਨਕ ਸਾਹਿਬ ਦੇ ਜੀਵਨ ਵਿੱਚੋਂ ਦਿੱਤਾ ਹੈ। ਉਹ ਦਸਦੇ ਹਨ ਕਿ ਮਹਾਂਪੁਰਖਾਂ ਦੇ ਵਿਅਕਤਿਤਵ ਦੇ ਵਿਕਾਸ ਉੱਤੇ ਵੀ ਘਰੋਗੀ ਪਿਆਰਾਂ ਦਾ ਬਹੁਤ ਪ੍ਰਭਾਵ ਪੈਂਦਾ ਹੈ। ਗੁਰੂ ਨਾਨਕ ਦੀ ਭੈਣ ਨਾਨਕੀ ਨੇ ਉਨ੍ਹਾਂ ਦੀ ਵਡਿੱਤਣ ਨੂੰ ਸਭ ਤੋਂ ਪਹਿਲੇ ਪਛਾਣਿਆ ਤੇ ਉਨ੍ਹਾਂ ਦੀ ਹੌਸਲਾ-ਵਧਾਈ ਕੀਤੀ ਸੀ। ਦੰਪਤੀ-ਪਿਆਰ ਦਾ ਪ੍ਰਮਾਣ ਲੇਖਕ ਨੇ ਪੈਗੰਬਰ ਮੁਹੰਮਦ ਸਾਹਿਬ ਦੇ ਜੀਵਨ ਵਿਚੋਂ ਦਿੱਤਾ ਹੈ। ਜਦ ਉਹ ਅੱਲਾ ਦੇ ਪਿਆਰ ਵਿੱਚ ਬਹੁਤ ਦੇਰ ਮਗਨ ਰਹਿਣ ਕਾਰਨ ਥੱਕ ਜਾਂਦੇ ਸਨ ਤਾਂ ਉਨ੍ਹਾਂ ਦੀ ਪਤਨੀ, ਖ਼ਦੀਜਾ ਜੀ, ਆਪਣੀ ਸੇਵਾ ਨਾਲ ਉਨ੍ਹਾਂ ਦੀ ਸਭ ਥਕਾਵਟ ਲਾਹ ਦੇਂਦੀ ਸੀ। ਪ੍ਰੋ: ਤੇਜਾ ਸਿੰਘ ਨੇ ਗੁਰੂ ਨਾਨਕ, ਮਹਾਤਮਾ ਬੁੱਧ ਤੇ ਪੈਗੰਬਰ ਈਸਾ ਦੇ ਉਨ੍ਹਾਂ ਜੀਵਨੀਕਾਰਾਂ ਉੱਤੇ ਅਫ਼ਸੋਸ ਕੀਤਾ ਹੈ ਜਿਨ੍ਹਾਂ ਨੇ ਇਨ੍ਹਾਂ ਮਹਾਂਪੁਰਖਾਂ ਦੇ ਬਚਪਨ ਨੂੰ ਵਰਣਨ ਕਰਨ ਤੋਂ ਲੱਗ-ਪੱਗ ਪਰਹੇਜ਼ ਹੀ ਕੀਤਾ ਹੈ।

ਲੇਖਕ ਨੇ ਆਪਣੇ ਵਿਸ਼ੇ ਦੀ ਸਿੱਖ ਦੀ ਪੁੱਠ ਵਜੋਂ ਘਰ ਦੇ ਪਿਆਰ ਤੋਂ ਵਾਂਝੇ ਰਹੇ ਲੋਕਾਂ ਦੇ ਵੀ ਕੁੱਝ ਪ੍ਰਮਾਣ ਦਿੱਤੇ ਹਨ। ਉਹ ਦੱਸਦੇ ਹਨ ਕਿ ਅੱਜ ਕਲ ਹੋਟਲਾਂ ਤੇ ਕਲੱਬਾਂ ਵਿੱਚ ਜਾਣ ਦਾ ਰਿਵਾਜ ਵਧ ਰਿਹਾ ਹੈ, ਜਿਸ ਦਾ ਸਦਕਾ ਘਰੋਗੀ ਜ਼ਿਮੇਵਾਰੀ, ਬਰਾਦਰੀ ਵਾਲੀ ਸ਼ਰਾਫਤ, ਮਿੱਠਤ ਤੇ ਨਿਰਮਤਾ ਵਰਗੇ ਗੁਣ ਘਟ ਰਹੇ ਹਨ। ਹੋਸਟਲਾਂ ਵਿੱਚ ਰਹਿਣ ਵਾਲੇ ਨੌਜਵਾਨਾਂ ਦਾ ਵੀ ਇਹੋ ਜਿਹਾ ਹੀ ਹਾਲ ਹੈ। ਕੁੱਝ ਲੋਕ ਧਰਮ ਦੇ ਅਭਿਆਸ ਦੀ ਖ਼ਾਤਰ ਘਰ ਦਾ ਤਿਆਗ ਕਰਦੇ ਹਨ। ਉਨ੍ਹਾਂ ਦੇ ਆਚਰਣ ਵਿੱਚ ਪੁਖਤਗੀ ਨਹੀਂ ਆਉਂਦੀ ਤੇ ਪਰਖ ਵੇਲੇ ਉਹ ਡੋਲ ਜਾਂਦੇ ਹਨ।

## 19.5 ਸਾਹਿੱਤਿਕ ਪੱਖ ਦੀ ਆਲੋਚਨਾ

''ਘਰ ਦਾ ਪਿਆਰ'' ਲੇਖ ਪੰਜਾਬੀ ਦੀ ਵਧੀਆ ਵਾਰਤਕ ਦਾ ਨਮੂਨਾ ਹੈ। ਪ੍ਰੋ: ਤੇਜਾ ਸਿੰਘ ਵਿਦਵਾਨ ਸਨ ਪਰ ਉਨ੍ਹਾਂ ਨੂੰ ਆਪਣੀ ਵਿਦਵਤਾ ਦਾ ਵਿਖਾਵਾ ਕਰਨ ਦੀ ਪ੍ਰੇਰਨਾ ਕਦੀ ਨਹੀਂ ਸੀ ਹੋਈ। ਦਿਖਾਵੇ ਦੀ ਰੁਚੀ ਵਾਲੇ ਲੇਖਕ ਆਪਣੇ ਅਤੇ ਪਾਠਕ ਵਿਚਕਾਰ ਇੱਕ ਕੰਧ ਖੜੀ ਕਰ ਲੈਂਦੇ ਹਨ, ਜਿਵੇਂ ਉਹ ਪਾਠਕ ਉੱਤੇ ਆਪਣਾ ਦਬਦਬਾ ਪਾਉਣਾ ਚਾਹੁੰਦੇ ਹੋਣ। ਪ੍ਰੋਫ਼ੈਸਰ ਸਾਹਿਬ ਵਿੱਚ ਇੱਕ ਅਜਿਹੀ ਨਿਮਰਤਾ ਸੀ ਕਿ ਉਹ ਪਾਠਕ ਨੂੰ ਆਪਣੇ ਤੋਂ ਨੀਵਾਂ ਨਹੀਂ, ਸਗੋਂ

ਆਪਣੇ ਬਰਾਬਰ ਦਾ ਮਿੱਤਰ ਸਮਝਦੇ ਸਨ ਤੇ ਆਪਣੀ ਗੱਲ ਇੰਜ ਕਰਦੇ ਸਨ ਜਿਵੇਂ ਪਾਠਕ ਨੂੰ ਆਪਣੇ ਭਰੋਸੇ ਵਿੱਚ ਲੈ ਕੇ ਉਸ ਨਾਲ ਭੇਤ ਸਾਂਝੇ ਕਰਦੇ ਹੋਣ। ਉਨ੍ਹਾਂ ਦੀ ਵਾਰਤਕ ਦੀ ਸ਼ੈਲੀ ਨੂੰ ਪੱਕੀ ਤੇ ਰਸੀ ਹੋਈ ਮੰਨਿਆ ਜਾਂਦਾ ਹੈ। ਦਿਖਾਵਾ ਨਾ ਕਰਨ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਕੋਲ ਪਾਠਕ ਨੂੰ ਦਿਖਾਉਣ ਜੋਗਾ ਹੁੰਦਾ ਕੁੱਝ ਨਹੀਂ। ਉਨ੍ਹਾਂ ਕੋਲ ਧਰਮ, ਸਾਹਿੱਤ, ਫ਼ਲਸਫ਼ਾ, ਸਭਿਆਚਾਰ, ਇਤਿਹਾਸ, ਆਦਿਕ ਦਾ ਬਹੁਤ ਵਿਸ਼ਾਲ ਤੇ ਡੂੰਘਾ ਗਿਆਨ ਹੈ ਪਰ ਉਹ ਇਸ ਗਿਆਨ ਦਾ ਛੱਟਾ ਬੜਾ ਸਹਿੰਦਾ ਸਹਿੰਦਾ ਆਪਣੇ ਲੇਖਾਂ ਵਿੱਚ ਦੇਂਦੇ ਹਨ। ਪਾਠਕ ਨੂੰ ਕਿਤੇ ਵੀ ਇਸ ਗਿਆਨ ਦਾ ਬੋਝ ਰੜਕਦਾ ਨਹੀਂ। ਉਹ ਆਪਣੀ ਵਿਦਵੱਤਾ ਉੱਤੇ ਇੱਕ ਮਿੱਠਾ ਜਿਹਾ ਮਹੀਨ ਪੜਦਾ ਪਾ ਦੇਂਦੇ ਹਨ।

"ਘਰ ਦਾ ਪਿਆਰ" ਲੇਖ ਦਾ ਵਿਸ਼ਾ ਗੰਭੀਰ ਤੇ ਮਹੱਤਵ ਵਾਲਾ ਹੈ। ਇਹ ਦ੍ਰਿੜ੍ਹ ਕਰਾਉਣ ਲਈ ਪ੍ਰੋ: ਸਾਹਿਬ ਨੇ ਕਈ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਹਨ, ਕਈ ਸ਼੍ਰੇਣੀਆਂ ਦੇ ਲੋਕਾਂ ਦੀਆਂ ਮਿਸਾਲਾਂ ਦਿੱਤੀਆਂ ਹਨ, ਇਤਿਹਾਸ ਵਿੱਚੋਂ ਕਈ ਪ੍ਰਮਾਣ ਦਿੱਤੇ ਹਨ ਤੇ ਪਿਆਰ ਦਾ ਨਿਜੀ ਜਜ਼ਬਾ ਵੀ ਪੇਸ਼ ਕੀਤਾ ਹੈ। ਉਨ੍ਹਾਂ ਦਾ ਬੁਰਸ਼ ਕਈ ਰੰਗ ਚਿਤਰਦਾ ਹੈ। ਪਰ ਇਹ ਸਭ ਕੁੱਝ ਸਹਿਜ-ਸੁਭਾ ਹੁੰਦਾ ਹੈ। ਗੱਲ ਵਿੱਚੋਂ ਗੱਲ ਨਿਕਲਦੀ ਹੈ ਪਰ ਕੋਈ ਗੱਲ ਲਮਕਦੀ ਨਹੀਂ। ਪਹਿਲੇ ਪੈਰੇ ਵਿੱਚ ਘਰ ਦੀ ਪਰਿਭਾਸ਼ਾ ਦਿੱਤੀ ਹੈ ਤੇ ਇਸ ਦੇ ਤਿੰਨ ਪੱਖ ਅਤਿਅੰਤ ਸੰਕੋਚ ਨਾਲ ਵਰਣਨ ਕੀਤੇ ਹਨ। ਦੂਜੇ ਪੈਰੇ ਵਿੱਚ ਬੱਚਿਆਂ ਦੇ ਪਿਆਰ ਤੋਂ ਵਾਂਝੀ ਰਹੀ ਇੱਕ ਵਿਧਵਾ ਇਸਤਰੀ ਦੇ ਜਲਦੀ ਖਿੱਝ ਜਾਣ ਵਾਲੇ ਸੁਭਾ ਵੱਲ ਸੰਕੋਚਵਾਂ ਸੰਕੇਤ ਹੈ। ਤੀਜੇ ਵਿੱਚ ਘਰੋਂ ਬਾਹਰ ਰਹਿਣ ਵਾਲੇ ਉਪਦੇਸ਼ਕਾਂ ਦੀ ਸ਼ਖ਼ਸੀਅਤ ਵਿੱਚ ਪਏ ਵੱਲਵਿੰਗ ਨੂੰ ਦੋ ਚਾਰ ਵਾਕਾਂ ਵਿੱਚ ਸਮੇਟ ਦਿੱਤਾ ਹੈ। ਪਰ ਇਸ ਤੋਂ ਉਪਰੰਤ ਜਦ ਗੁਰੂ ਨਾਨਕ ਸਾਹਿਬ ਦੇ ਜੀਵਨ ਉੱਤੇ ਪਏ ਘਰੋਗੀ ਪਿਆਰ ਦਾ ਪ੍ਰਭਾਵ ਦੱਸਣ ਦੀ ਵਾਰੀ ਆਉਂਦੀ ਹੈ ਤਾਂ ਪ੍ਰੋਫੈਸਰ ਸਾਹਿਬ ਦੀ ਕਲਮ ਇੱਕ ਕਾਵਿਕ ਹੁਲਾਰੇ ਵਿੱਚ ਆ ਜਾਂਦੀ ਹੈ। ਹੁਣ ਉਹ ਕੋਈ ਸਾਹ-ਘੁੱਟਵਾਂ ਸੰਕੋਚ ਆਪਣੇ ਉੱਤੇ ਲਾਗੂ ਨਹੀਂ ਹੋਣ ਦੇਂਦੇ। ਉਹ ਪੂਰੇ ਦੋ ਸਫ਼ਿਆਂ ਦਾ ਇੱਕ ਲੰਮਾ ਪੈਰ੍ਹਾ ਮਹਾਂ ਪੁਰਖਾਂ ਦੇ ਘਰੋਗੀ ਪਿਆਰ ਤੇ ਮਹੱਤਵ ਉਘਾੜਨ ਵਿੱਚ ਖ਼ਰਚ ਕਰਦੇ ਹਨ। ਗੁਰੂ ਨਾਨਕ ਸਾਹਿਬ ਦੀ ਆਪਣੀ ਮਾਤਾ ਨਾਲ ਇੱਕ ਮਿਲਣੀ ਦੀ ਵਾਰਤਾ ਬਹੁਤ ਰਸ-ਭਰਪੂਰ ਸ਼ੈਲੀ ਵਿੱਚ ਵਰਣਨ ਕੀਤੀ ਗਈ ਹੈ। ਪ੍ਰੋਫੈਸਰ ਸਾਹਿਬ ਬੜੀ ਬਰੀਕ ਸੂਝ ਵਰਤੇ ਕੇ ਕਿਤੇ ਆਪਣੀ ਕਲਮ ਉੱਤੇ ਸੰਕੋਚ ਦੀ ਰੋਕ ਲਾ ਦੇਂਦੇ ਹਨ ਤੇ ਕਿਤੇ ਇਸ ਦੀ ਵਾਂਗ ਜ਼ਰਾ ਮਾਸਾ ਢਿੱਲੀ ਛੱਡ ਦੇਂਦੇ ਹਨ। ਇਸ ਨੂੰ ਕਹਿੰਦੇ ਹਨ ਲੇਖਕ ਦਾ ਆਪਣੀ ਸ਼ੈਲੀ ਉੱਤੇ ਪੂਰਾ ਕਾਬੂ ਹੋਣਾ।

ਪ੍ਰੋਫੈਸਰ ਸਾਹਿਬ ਦੀ ਭਾਸ਼ਾ ਆਪਣਾ ਜਾਦੂ ਸਭ ਉੱਤੇ ਕਰਦੀ ਹੈ ਪਰ ਇਹ ਵੀ ਸਹਿਜ ਨਾਲ। ਉਹ ਪੰਜਾਬੀ ਲੇਖਕਾਂ ਵਿੱਚੋਂ ਸਭ ਤੋਂ ਵੱਧ ਠੇਠ ਪੰਜਾਬੀ ਵਰਤਦੇ ਹਨ। ਠੇਠ ਪੰਜਾਬੀ ਦੇ ਦੋ ਅਰਥ ਹਨ। ਇੱਕ ਕੇਂਦਰੀ ਪੰਜਾਬੀ ਜਿਸ ਵਿੱਚ ਉਪ-ਬੋਲੀਆਂ ਦੀ ਵਰਤੋਂ ਨਾ ਕੀਤੀ ਹੋਵੇ, ਦੂਜਾ ਸੱਚੀ-ਮੁੱਚੀ ਪੰਜਾਬੀ ਜਿਸ ਵਿੱਚ ਹੋਰ ਭਾਸ਼ਾਵਾਂ ਦੀ ਮਿੱਸ ਘੱਟ ਤੋਂ ਘੱਟ ਹੋਵੇ। ਸ: ਗੁਰਬਖਸ਼ ਸਿੰਘ 'ਪ੍ਰੀਤਲੜੀ' ਬਾਰੇ ਇਹ ਕਿਹਾ ਗਿਆ ਹੈ ਕਿ ਉਹ ਸੋਚਦੇ ਅੰਗਰੇਜ਼ੀ ਵਿੱਚ ਹਨ ਤੇ ਲਿਖਦੇ ਪੰਜਾਬੀ ਵਿੱਚ ਹਨ। ਇਸ ਦਾ ਸਿੱਟਾ ਇਹ ਹੈ ਕਿ ਉਨ੍ਹਾਂ ਦੀ ਲਿਖਤ ਵਿੱਚ ਅੰਗਰੇਜ਼ੀ ਦੇ ਕਾਫੀ ਸ਼ਬਦ ਆ ਜਾਂਦੇ ਹਨ ਤੇ ਕਈ ਵਾਕਾਂ ਦੀ ਵਿਆਕਰਣ ਵਿੱਚੋਂ ਅੰਗਰੇਜ਼ੀ ਵਾਕ-ਬਣਤਰ ਦੀ ਝਲਕ ਪੈਂਦੀ ਹੈ ਜੋ ਪੰਜਾਬੀ ਲਈ ਓਪਰੀ ਹੁੰਦੀ ਹੈ। ਇੱਕ ਹੋਰ ਪ੍ਰਸਿੱਧ ਪੰਜਾਬੀ ਨਿਬੰਧਕਾਰ, ਸ: ਕਪੂਰ ਸਿੰਘ ਆਈ.ਸੀ.ਐਸ. ਦੀ ਭਾਸ਼ਾ ਵਿੱਚ ਸੰਸਕ੍ਰਿਤ ਦੇ ਔਖੇ ਸ਼ਬਦ ਵੱਡੀ ਗਿਣਤੀ ਵਿੱਚ ਵਰਤੇ ਹੁੰਦੇ ਹਨ। ਜਿਨ੍ਹਾਂ ਨੂੰ ਪੰਜਾਬੀ ਦਾ ਹਾਜ਼ਮਾ ਪਚਾ ਨਹੀਂ ਸਕਦਾ। ਪ੍ਰੋ: ਤੇਜਾ ਸਿੰਘ ਦੀ ਭਾਸ਼ਾ ਅਜਿਹੇ ਦੋਸ਼ਾਂ ਤੋਂ ਉੱਕਾ ਮੁਕਤ ਹੈ।

**ਦੂਜਾ ਅਭਿਆਸ**

**ਨੋਟ:** ਹੇਠ-ਲਿਖੇ ਸਵਾਲਾਂ ਦੇ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦਿਓ।

1 "ਘਰ ਦਾ ਪਿਆਰ" ਲੇਖ ਦੇ ਵਿਸ਼ੇ ਦੀ ਅਲੋਚਨਾ ਕਰੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 "ਘਰ ਦਾ ਪਿਆਰ" ਲੇਖ ਦੇ ਸਾਹਿੱਤਕ ਪੱਖ ਦੀ ਆਲੋਚਨਾ ਕਰੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 "ਘਰ ਦਾ ਪਿਆਰ" ਲੇਖ ਵਿੱਚ ਤੇਜਾ ਸਿੰਘ ਨੇ ਮਹਾਂਪੁਰਖਾਂ ਦੇ ਜੀਵਨੀਕਾਰਾਂ ਬਾਰੇ ਕੀ ਕਿਹਾ ਹੈ ?

4 "ਘਰ ਦਾ ਪਿਆਰ" ਲੇਖ ਵਿੱਚ ਤੇਜਾ ਸਿੰਘ ਨੇ ਘਰੋਂ ਬਾਹਰ ਸਮਾਂ ਬਿਤਾਉਣ ਵਾਲਿਆਂ ਬਾਰੇ ਕੀ ਕਿਹਾ ਹੈ ?

## 19.6 ਸਾਰ

ਇਸ ਪਾਠ ਵਿੱਚ ਤੁਸੀਂ ਪ੍ਰੋਫ਼ੈਸਰ ਤੇਜਾ ਸਿੰਘ ਦੇ ਜੀਵਨ-ਕਾਰਜ ਤੇ ਸਾਹਿੱਤ-ਰਚਨਾ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕੀਤੀ ਹੈ। ਉਹ ਅੰਮ੍ਰਿਤਸਰ, ਬੰਬਈ ਤੇ ਪਟਿਆਲਾ ਦੇ ਕਾਲਜਾਂ ਵਿੱਚ ਪੜ੍ਹਾਉਂਦੇ ਤੇ ਪ੍ਰਿੰਸੀਪਲ ਦੀ ਸੇਵਾ ਨਿਭਾਉਂਦੇ ਰਹੇ। ਕੁੱਝ ਸਮਾਂ ਪੈਪਸੂ ਸਰਕਾਰ ਦੇ ਭਾਸ਼ਾ ਵਿਭਾਗ ਦੇ ਮੁੱਖ-ਅਧਿਕਾਰੀ ਵੀ ਰਹੇ। ਉਨ੍ਹਾਂ ਦਾ ਕੋਸ਼ਕਾਰੀ ਦੀ ਕਾਰਜ ਵੀ ਪ੍ਰਸਿੱਧ ਹੈ।

ਸਾਹਿੱਤ ਦੇ ਖੇਤਰ ਵਿੱਚ ਪ੍ਰੋਫ਼ੈਸਰ ਤੇਜਾ ਸਿੰਘ ਨੇ ਸਿੱਖ ਧਰਮ ਤੇ ਇਤਿਹਾਸ ਉੱਤੇ ਕਲਮ ਚੁੱਕ ਕੇ ਨਰੋਈਆਂ ਲੀਹਾਂ ਪਾਈਆਂ। ਉਪਰੰਤ ਪੰਜਾਬੀ ਦੇ ਪੁੰਗਰਦੇ ਲੇਖਕਾਂ ਦੀ ਅਗਵਾਈ ਕੀਤੀ ਤੇ ਉਨ੍ਹਾਂ ਦਾ ਉਤਸਾਹ ਵਧਾਇਆ। ਇਹ ਪ੍ਰੋਫ਼ੈਸਰ ਸਾਹਿਬ ਦਾ ਆਲੋਚਨਾ ਦੇ ਖੇਤਰ ਦਾ ਕਾਰਜ ਹੈ। ਮੌਲਿਕ ਸਾਹਿੱਤ ਰਚਨਾ ਦੇ ਖੇਤਰ ਵਿੱਚ ਆਪ ਨੇ ਪੰਜਾਬੀ ਨਿਬੰਧਕਾਰੀ ਨੂੰ ਨਵੀਆ ਦਿਸ਼ਾਵਾਂ ਵੱਲ ਤੋਰਿਆ। "ਘਰ ਦਾ ਪਿਆਰ" ਲੇਖ ਆਪ ਦੇ ਅਨੇਕਾਂ ਨਿਬੰਧਾਂ ਵਿੱਚੋਂ ਅਤਿਅੰਤ ਪ੍ਰਸਿੱਧ ਹੈ। ਇਸ ਵਿੱਚ ਆਪ ਨੇ ਦੱਸਿਆ ਹੈ ਕਿ ਅਸੀਂ ਘਰ ਵਿੱਚੋਂ ਮਾਤਾ, ਪਿਤਾ, ਭੈਣ, ਭਰਾ, ਆਦਿਕ ਸੰਬੰਧੀਆਂ ਕੋਲੋਂ ਪਿਆਰ ਤੇ ਸੇਵਾ ਪ੍ਰਾਪਤ ਕਰਕੇ ਆਪਣੀ ਆਚਰਨ-ਉਸਾਰੀ ਦੀ ਬੁਨਿਆਦ ਬਣਾਉਂਦੇ ਹਾਂ। ਇਹੀ ਪਿਆਰ ਸਾਡੇ ਸਮਾਜਿਕ ਜੀਵਨ ਲਈ ਵੀ ਲੀਹਾਂ ਪਾਉਂਦਾ ਹੈ। ਪ੍ਰਿੰਸੀਪਲ ਸਾਹਿਬ ਦੀ ਵਾਰਤਕ ਸ਼ੈਲੀ ਕਮਾਲ ਦੀ ਹੈ।

## 19.7 ਸਹਾਇਕ ਪੁਸਤਕਾਂ ਤੇ ਰਸਾਲੇ


1 **ਪੰਜਾਬੀ ਸਾਹਿੱਤ ਦੇ ਪੰਜ ਰਤਨ**, ਮਹਿਕਮਾ ਪੰਜਾਬੀ, ਪਟਿਆਲਾ, 1951
2 **ਤੇਜਾ ਸਿੰਘ ਅਭਿਨੰਦਨ ਗ੍ਰੰਥ**, ਮਹਿਕਮਾ ਪੰਜਾਬੀ, ਪਟਿਆਲਾ, 1956
3 **ਆਲੋਚਨਾ ਤੇ ਆਧੁਨਿਕ ਪੰਜਾਬੀ ਸਾਹਿੱਤ**, ਭਾਸ਼ਾ ਵਿਭਾਗ, ਪਟਿਆਲਾ, 1970
4 ਗੁਰਚਰਨ ਸਿੰਘ, **ਪੰਜਾਬੀ ਵਾਰਤਕ ਲਿਖਾਰੀ**, ਲਾਹੌਰ ਬੁੱਕ ਸ਼ਾਪ, ਲੁਧਿਆਣਾ
5 ਅਵਤਾਰ ਸਿੰਘ ਆਜ਼ਾਦ, **ਪੰਜਾਬੀ ਸਾਹਿੱਤ ਦੇ ਉਸਰਈਏ**, ਹਿੰਦ ਪਬਲਿਸ਼ਰਜ਼, ਅਮ੍ਰਿਤਸਰ, 1951
6 ਤੇਜਾ ਸਿੰਘ ਅੰਕੋ, **ਸਾਹਿੱਤ ਸਮਾਚਾਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ


## 19.8 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

1 ਪ੍ਰੋਫ਼ੈਸਰ ਤੇਜਾ ਸਿੰਘ ਦਾ ਜਨਮ ਜ਼ਿਲਾ ਰਾਵਲਪਿੰਡੀ ਦੇ ਪਿ: ਅਡਿਆਲਾ ਵਿੱਚ ਸੰਨ 1894 ਵਿੱਚ ਹੋਇਆ। ਸੰਨ 1919 ਵਿੱਚ ਉਹ ਖ਼ਾਲਸਾ ਕਾਲਜ ਅਮ੍ਰਿਤਸਰ ਵਿੱਚ ਲਗ ਗਏ। ਉਨ੍ਹਾਂ ਦੇ ਅਨੇਕਾਂ ਵਿਦਿਆਰਥੀ ਉਨ੍ਹਾਂ ਦੇ ਪੜ੍ਹਾਉਣ ਦੇ ਅਨੁਪਮ ਢੰਗ ਨੂੰ ਯਾਦ ਕਰਦੇ ਹਨ। 1945 ਵਿੱਚ ਆਪ ਖ਼ਾਲਸਾ ਕਾਲਜ, ਬੰਬਈ ਦੇ ਪ੍ਰਿੰਸੀਪਲ ਜਾ ਲੱਗੇ। 1951 ਵਿੱਚ ਆਪ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਬਣੇ। ਜਨਵਰੀ 1958 ਵਿੱਚ ਆਪ ਗੁਜ਼ਰ ਗਏ।

ਪੰਜਾਬੀ ਸਾਹਿੱਤ ਦੇ ਵਾਰਤਕ ਲੇਖਕਾਂ ਵਿੱਚ ਪ੍ਰੋ: ਤੇਜਾ ਸਿੰਘ ਦਾ ਨਾਂ ਬਹੁਤ ਉੱਚਾ ਹੈ। ਪਹਿਲੇ ਆਪ ਸਿੱਖ ਧਰਮ ਤੇ ਇਤਿਹਾਸ ਬਾਰੇ ਬਹੁਤ ਲਿਖਦੇ ਰਹੇ ਪਰ ਜਲਦੀ ਹੀ ਸਾਹਿੱਤਕ ਪਰਖ-ਪੜਚੋਲ ਦੇ ਵਿਸ਼ੇ ਨੂੰ ਵੀ ਅਪਣਾ ਲਿਆ। ਆਪ ਪੁੰਗਰਦੇ ਪੰਜਾਬੀ ਲੇਖਕਾਂ ਨੂੰ ਕੀਮਤੀ ਅਗਵਾਈ ਤੇ ਉਤਸ਼ਾਹ ਦੇਂਦੇ ਰਹੇ। ਆਮ ਲੇਖਕਾਂ ਨਾਲੋਂ ਆਪ ਦੀ ਦ੍ਰਿਸ਼ਟੀ ਵਧੇਰੇ ਵਿਸ਼ਾਲ ਤੇ ਗਿਆਨ ਵਧੇਰੇ ਡੂੰਘਾ ਸੀ। ਆਪ ਨੇ ਪੰਜਾਬੀ ਆਲੋਚਨਾ ਨੂੰ ਰਵਾਇਤੀ ਹਠ-ਧਰਮੀ ਤੇ ਸੰਕੀਰਣਤਾ ਵਿੱਚੋਂ ਕੱਢਿਆ। ਆਪ ਨੇ ਕੁੱਝ ਕਾਰਜ ਅੰਗਰੇਜ਼ੀ-ਪੰਜਾਬੀ ਕੋਸ਼ਕਾਰੀ ਦਾ ਵੀ ਕੀਤਾ ਸੀ।

2 ਪ੍ਰੋ: ਤੇਜਾ ਸਿੰਘ ਨੇ ਪੰਜਾਬੀ ਵਾਰਤਕ ਵਿੱਚ ਮੌਲਿਕ ਰਚਨਾ ਵੀ ਕਾਫ਼ੀ ਕੀਤੀ। ਆਪ ਪੰਜਾਬੀ ਬੋਲੀ ਦਾ ਬਿਲਕੁਲ ਟਕਸਾਲੀ ਰੂਪ ਵਰਤਦੇ ਸਨ। ਇਸ ਵਾਰਤਕ ਦਾ ਇੱਕ ਵੱਡਾ ਗੁਣ ਇਸ ਦੀ ਸਰਲਤਾ ਹੈ। ਆਪਣੇ ਵਿਸ਼ੇ ਉੱਤੇ ਆਪ ਦਾ ਪੂਰਾ ਕਾਬੂ ਰਹਿੰਦਾ ਹੈ। ਆਪ ਉਸ ਨੂੰ ਸਪਸ਼ਟ ਤੇ ਰਸ-ਭਰਪੂਰ ਬਣਾਉਣ ਵਿੱਚ ਸਫ਼ਲ ਰਹੇ ਹਨ। ਆਪ ਦੀਆਂ ਸਾਹਿੱਤਕ ਵਾਰਤਕ ਵਿੱਚ ਮੁੱਖ ਰਚਨਾਵਾਂ ਇਹ ਹਨ:
(ੳ) ਨਵੀਆਂ ਸੋਚਾਂ; (ਅ) ਸਹਿਜ ਸੁਭਾ; (ੲ) ਸਭਿਆਚਾਰ।

**ਦੂਜਾ ਅਭਿਆਸ**

1 "ਘਰ ਦਾ ਪਿਆਰ" ਲੇਖ ਉਸ ਪਿਆਰ ਬਾਰੇ ਹੈ ਜੋ ਸਾਨੂੰ ਆਪਣੇ ਘਰ ਵਿੱਚੋਂ ਮਿਲਦਾ ਹੈ। ਇਸੇ ਦਾ ਸਦਕਾ ਅਸੀਂ ਘਰ ਨੂੰ ਪਿਆਰ ਕਰਦੇ ਹਾਂ ਘਰ ਵਿੱਚੋਂ ਮਿਲਣ ਵਾਲੇ ਪਿਆਰਾਂ ਵਿੱਚੋਂ ਸਭ ਤੋਂ ਵੱਡਾ ਪਿਆਰ ਮਾਂ ਦਾ ਪੈਂਦਾ ਹੈ। ਘਰ ਦੇ ਪਿਆਰ ਦਾ ਵਿਅਕਤੀ ਤੇ ਸਮਾਜ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ। ਪ੍ਰੋ: ਤੇਜਾ ਸਿੰਘ ਨੇ ਘਰ ਦੇ ਪਿਆਰ ਦਾ ਮਹੱਤਵ ਉਘਾੜਨ ਲਈ ਦੋ ਪੱਖ ਲਾਏ ਹਨ। ਇੱਕ ਪੱਖੋਂ ਉਹ ਦੱਸਦੇ ਹਨ ਕਿ ਹਰ ਵਿਅਕਤੀ ਦੀ ਆਚਰਨ-ਉਸਾਰੀ ਵਿੱਚ ਘਰ ਦੇ ਪਿਆਰ ਦਾ ਵੱਡਾ ਹਿੱਸਾ ਹੁੰਦਾ ਹੈ। ਮਹਾਂਪੁਰਖਾਂ ਉੱਤੇ ਵੀ ਅਜਿਹਾ ਪ੍ਰਭਾਵ ਪੈਂਦਾ ਹੈ। ਦੂਜੇ ਪੱਖੋਂ ਆਪ ਦੱਸਦੇ ਹਨ ਕਿ ਘਰ ਦੇ ਪਿਆਰ ਤੋਂ ਵਾਂਝੇ ਰਹੇ ਲੋਕਾਂ ਦੇ ਸੁਭਾ ਤੇ ਆਚਰਨ ਵਿੱਚ ਕਈ ਵਲਵਿੰਗ ਪੈ ਜਾਂਦੇ ਹਨ। ਕਲੱਬਾਂ ਤੇ ਹੋਸਟਲਾਂ ਵਿੱਚ ਰਹਿਣ ਵਾਲੇ ਵਿਅਕਤੀ ਦੀ ਆਚਰਨ-ਉਸਾਰੀ ਸਾਵੀਂ ਨਹੀਂ ਰਹਿੰਦੀ।

2 ਪ੍ਰੋਫ਼ੈਸਰ ਤੇਜਾ ਸਿੰਘ ਦੀ ਵਾਰਤਕ ਦੀ ਪੱਕੀ ਤੇ ਰਸੀ ਹੋਈ ਸ਼ੈਲੀ ਦਾ ਵਧੀਆ ਨਮੂਨਾ "ਘਰ ਦਾ ਪਿਆਰ" ਲੇਖ ਹੈ। ਪ੍ਰੋਫ਼ੈਸਰ ਸਾਹਿਬ ਵਿੱਚ ਅਜਿਹੀ ਨਿਮਰਤਾ ਹੈ ਕਿ ਉਹ ਪਾਠਕ ਉੱਤੇ ਆਪਣਾ ਦਬਦਬਾ ਨਹੀਂ ਪਾਉਣਾ ਚਾਹੁੰਦੇ। ਉਹ ਉਸ ਨੂੰ ਆਪਣੇ ਭਰੋਸੇ ਵਿੱਚ ਲੈ ਕੇ ਆਪਣੇ ਭੇਤ ਉਸ ਨਾਲ ਸਾਂਝੇ ਕਰਦੇ ਪ੍ਰਤੀਤ ਹੁੰਦੇ ਹਨ। ਉਹ ਆਪਣੀ ਵਿਦਵਤਾ ਉੱਤੇ ਨਿਰਮਤਾ ਦਾ ਇੱਕ ਮਿੱਠਾ ਜਿਹਾ ਮਹੀਨ ਪੜਦਾ ਪਾ ਲੈਂਦੇ ਹਨ। ਪਾਠਕ ਆਪ ਦੀ ਲਿਖਤ ਪੜ੍ਹ ਕੇ ਮਿਤਰਤਾ ਦਾ ਅਹਿਸਾਸ ਲੈਂਦਾ ਹੈ।

ਆਪ ਨੇ ਇਸ ਲੇਖ ਵਿੱਚ ਘਰ ਦੇ ਪਿਆਰ ਦਾ ਮਹੱਤਵ ਉਘਾੜਨ ਲਈ ਕਈ ਦਲੀਲਾਂ ਦਿੱਤੀਆਂ ਹਨ, ਕਈ ਸ਼੍ਰੇਣੀਆਂ ਦੇ ਲੋਕਾਂ ਦੀਆਂ ਮਿਸਾਲਾਂ ਦਿੱਤੀਆਂ ਹਨ, ਇਤਿਹਾਸ ਵਿੱਚੋਂ ਕਈ ਪ੍ਰਮਾਣ ਦਿੱਤੇ ਹਨ ਪਰ ਇਹ ਸਭ ਕੁੱਝ ਸਹਿਜ ਨਾਲ ਹੁੰਦਾ ਹੈ। ਗੱਲ ਵਿੱਚੋਂ ਗੱਲ ਨਿਕਲਦੀ ਹੈ ਪਰ ਕੋਈ ਗੱਲ ਬਹੁਤੀ ਲਮਕਦੀ ਨਹੀਂ। ਪਰ ਜੇ ਮੌਕਾ ਰਾਹ ਦੇਵੇ ਤਾਂ ਆਪ ਆਪਣੀ ਕਲਮ ਨੂੰ ਕਾਵਿਕ ਹੁਲਾਰਾ ਵੀ ਬਖਸ਼ ਦੇਂਦੇ ਹਨ ਜਿਵੇਂ ਇਸ ਲੇਖ ਵਿੱਚ ਗੁਰੂ ਨਾਨਕ ਸਾਹਿਬ ਦੀ ਆਪਣੀ ਮਾਤਾ ਨਾਲ ਮਿਲਣੀ ਦੀ ਵਾਰਤਾ ਲਿਖਣ ਵੇਲੇ ਕੀਤਾ ਹੈ।

ਆਪ ਦੀ ਪੰਜਾਬੀ ਭਾਸ਼ਾ ਬਹੁਤ ਠੇਠ ਹੈ। ਇਹ ਕੇਂਦਰੀ ਪੰਜਾਬੀ ਹੈ ਤੇ ਇਸ ਵਿੱਚ ਅੰਗਰੇਜ਼ੀ ਜਾਂ ਸੰਸਕ੍ਰਿਤ ਦੇ ਬੇਲੋੜੇ ਸ਼ਬਦ ਨਹੀਂ ਵਰਤੇ ਹੁੰਦੇ।

3 ਪ੍ਰੋਫ਼ੈਸਰ ਤੇਜਾ ਸਿੰਘ ਨੇ "ਘਰ ਦਾ ਪਿਆਰ" ਵਿੱਚ ਕਿਹਾ ਹੈ ਕਿ ਮਹਾਪੁਰਖਾਂ ਦੇ ਕਈ ਜੀਵਨੀਕਾਰ "ਉਨ੍ਹਾਂ ਨੂੰ ਘਰੋਗੀ ਪਿਆਰ ਤੋਂ ਸੱਖਣੇ ਬਣਾ ਕੇ ਪੇਸ਼ ਕਰਦੇ ਹਨ। ਜਿਨ੍ਹਾਂ ਲੇਖਕਾਂ ਨੇ ਬਚਪਨ ਦੇ ਜ਼ਰੂਰੀ ਤਜਰਬੇ ਨੂੰ ਨਹੀਂ ਸਮਝਿਆ, ਉਨ੍ਹਾਂ ਨੇ ਈਸਾ ਜੀ ਦਾ ਜੀਵਨ ਉਨ੍ਹਾਂ ਦੇ ਬਚਪਨ ਦੇ ਹਾਲ ਦੇਣ ਤੋਂ ਬਿਨਾਂ ਹੀ ਲਿਖ ਦਿੱਤਾ ਅਤੇ ਬੁੱਧ ਮਹਾਰਾਜ ਤੇ ਗੁਰੂ ਨਾਨਕ ਸਾਹਿਬ ਦੇ ਮਾਪਿਆਂ ਦੇ ਆਚਰਨ ਨੂੰ ਬਹੁਤ ਕੋਝੇ ਢੰਗ ਨਾਲ ਰੰਗਿਆ। ਉਹ ਗੁਰੂ ਨਾਨਕ ਸਾਹਿਬ ਦਾ ਜੀਵਨ ਇਉਂ ਦੱਸਦੇ ਹਨ ਕਿ ਜਿਵੇਂ ਉਹ ਕਦੀ ਤੋਤਲੀਆਂ ਗੱਲਾਂ ਕਰਨ ਵਾਲੇ ਬਚਪਨ ਵਿੱਚੋਂ ਲੰਘੇ ਹੀ ਨਹੀਂ ਹੁੰਦੇ। ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਤੇ ਪਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ, ਜਿਤਨੀਆਂ ਕਿ ਵੱਡੀ ਉਮਰ ਵਿੱਚ।"

4 ਪ੍ਰੋਫ਼ੈਸਰ ਤੇਜਾ ਸਿੰਘ ਦੱਸਦੇ ਹਨ ਕਿ ਲੋਕੀ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ, ਆਪਣੇ ਬਾਲ-ਬੱਚਿਆਂ ਤੇ ਤੀਵੀਂ ਨਾਲ ਜੀਵਨ ਬਿਤਾਉਣ ਦੀ ਥਾਂ, ਕਲੱਬਾਂ ਤੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚੋਂ ਉਹ ਘਰੋਗੀ ਜ਼ਿੰਮੇਵਾਰੀ, ਉਹ ਬਰਾਦਰੀ ਵਾਲੀ ਸ਼ਰਾਫ਼ਤ, ਅਤੇ ਉਹ ਮਿੱਠਤ ਤੇ ਨਿਮਰਤਾ ਵਾਲੇ ਗੁਣ ਘਟ ਰਹੇ ਹਨ, ਜੋ ਕੇਵਲ ਘਰੋਗੀ ਆਚਰਨ ਤੋਂ ਹੀ ਉਪਜਦੇ ਹਨ।"

ਮੁੰਡਿਆਂ ਅਤੇ ਵਿਦਿਆਰਥੀਆਂ ਬਾਬਤ ਵੀ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਉਹ ਸਮਾਜਕ ਵਰਤੋਂ ਵਿੱਚ ਕੋਰੇ ਜਿਹੇ, ਗ਼ੈਰ ਜ਼ਿੰਮੇਵਾਰ ਅਤੇ ਕਈ ਵੇਰ ਸਦਾਚਾਰ ਦੀਆਂ ਹੱਦਾਂ ਟੱਪ ਜਾਣ ਵਾਲੇ ਹੋ ਜਾਂਦੇ ਹਨ। ਇਸ ਦਾ ਕਾਰਨ ਵੀ ਘਰਾਂ ਨੂੰ ਛੱਡ ਕੇ ਬੋਰਡਿੰਗਾਂ ਦੀ ਰਹਿਣੀ-ਬਹਿਣੀ ਹੈ।